ਸੱਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ    ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਮੰਗਲਵਾਰ 10 ਜੂਨ 2025 • ਸਾਲ 1 • ਅੰਕ 67 • ਪੰਨੇ 8 • Daily online PANJ AAB Newspaper • Germany & India • www.5aab.media



ਨਵੀਂ ਦਿੱਲੀ ਦੇ ਚਾਣਕਿਆਪੁਰੀ ਦੇ ਸੰਜੇ ਕੈਂਪ ਵਿਖੇ, ਗਰਮੀਆਂ ਦੇ ਦਿਨ, ਪਾਣੀ ਦੇ ਸੰਕਟ ਦੌਰਾਨ, ਬੱਚੇ ਟੈਂਕਰ ਤੋਂ ਪੀਣ ਵਾਲਾ ਪਾਣੀ ਇਕੱਠਾ ਕਰਦੇ ਹੋਏ ਖੇਡਦੇ ਹੋਏ।

## ਲੁਧਿਆਣਾ ਜ਼ਿਮਨੀ ਚੋਣ ਤੋਂ ਪਹਿਲਾਂ ਅਨਿਲ ਜੋਸ਼ੀ ਦੀ ਅਕਾਲੀ ਦਲ 'ਚ ਮੁੜ ਵਾਪਸੀ



**ਲੁਧਿਆਣਾ** - ਸਾਬਕਾ ਮੰਤਰੀ ਅਨਿਲ ਜੋਸ਼ੀ ਦੀ ਅੱਜ ਅਕਾਲੀ ਦਲ 'ਚ ਮੁੜ ਵਾਪਸੀ ਹੋ ਗਈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਹ ਜਾਣਕਾਰੀ ਉਨ੍ਹਾਂ ਆਪਣੇ ਐਕਸ ਹੈਂਡਲ 'ਤੇ ਸ਼ੇਅਰ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਅਨਿਲ ਜੋਸ਼ੀ ਲੁਧਿਆਣਾ ਜ਼ਿਮਨੀ ਚੋਣ ਲਈ ਪਾਰਟੀ ਕੈਂਪੇਨ ਦਾ ਹਿੱਸਾ ਰਹਿਣਗੇ। ਜ਼ਿਕਰਯੋਗ ਹੈ ਕਿ ਅਨਿਲ ਜੋਸ਼ੀ ਸਾਲ 2021 'ਚ ਭਾਜਪਾ ਛੱਡ ਕੇ ਅਕਾਲੀ ਦਲ 'ਚ ਸ਼ਾਮਲ ਹੋ ਗਏ ਸਨ ਪਰ ਉਹ ਪਾਰਟੀ ਛੱਡ ਗਏ। ਹੁਣ ਫਿਰ ਉਨ੍ਹਾਂ ਘਰ ਵਾਪਸੀ ਕਰਦੇ ਹੋਏ ਅੱਜ ਅਕਾਲੀ ਦਲ 'ਚ ਵਾਪਸੀ ਕਰ ਲਈ।

# ਮੁੰਬਈ: ਲੋਕਲ ਟਰੇਨ ਤੋਂ ਡਿੱਗਣ ਨਾਲ 5 ਯਾਤਰੀਆਂ ਦੀ ਮੌਤ



**ਮੁੰਬਈ।** ਮਹਾਰਾਸ਼ਟਰ ਦੇ ਠਾਣੇ 'ਚ ਇੱਕ ਲੋਕਲ ਟ ?ਰੇਨ 'ਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਮੁੰਬਈ ਦੀ ਧੜਕਣ ਕਹੀ ਜਾਣ ਵਾਲੀ ਲੋਕਲ ਟ ?ਰੇਨ ਤੋਂ ਡਿੱਗਣ ਨਾਲ ਪੰਜ ਯਾਤਰੀਆਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਅੱਜ ਸਵੇਰੇ 9 ਵਜੇ ਦੀਵਾ ਅਤੇ ਮੁੰਬਰਾ ਸਟੇਸ਼ਨ ਦੇ ਵਿਚਕਾਰ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਟਰੇਨ ਵਿੱਚ ਭੀੜ ਜ਼ਿਆਦਾ ਸੀ, ਇਸ ਲਈ ਇਹ ਹਾਦਸਾ ਵਾਪਰਿਆ। ਟਰੇਨ ਲੋਕਾਂ ਨਾਲ ਭਰੀ ਹੋਈ ਸੀ। ਟ ?ਰੇਨ ਵਿੱਚ ਪੈਰ ਰੱਖਣ ਲਈ ਕੋਈ ਜਗਹਾ ਨਹੀਂ ਸੀ। ਯਾਤਰੀ ਦਰਵਾਜ਼ੇ 'ਤੇ ਲਟਕ ਕੇ ਯਾਤਰਾ ਕਰ ਰਹੇ ਸਨ। ਇਹ ਹਾਦਸਾ ਇਸ ਸਮੇਂ ਦੌਰਾਨ ਹੋਇਆ।

ਫਿਲਹਾਲ ਰੇਲਵੇ ਪ੍ਰਸ਼ਾਸਨ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ। ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। 10-12 ਯਾਤਰੀਆਂ ਦੇ ਡਿੱਗਣ ਬਾਰੇ ਸ਼ੁਰੂਆਤੀ ਜਾਣਕਾਰੀ ਮਿਲ ਰਹੀ ਹੈ। ਜ਼ਖਮੀਆਂ ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਹੈ। ਇਸ ਹਾਦਸੇ ਨੇ ਮੁੰਬਈ ਵਿੱਚ ਲੋਕਲ ਟ ?ਰੇਨ ਸੇਵਾਵਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਲੋਕਲ ?ਰੇਨ ਸੇਵਾਵਾਂ 'ਤੇ ਪ੍ਰਭਾਵ

ਮੱਧ ਰੇਲਵੇ ਨੇ ਹਾਦਸੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੀਐਸਐਮਟੀ ਵੱਲ ਜਾ ਰਹੇ ਕੁਝ ਯਾਤਰੀ ਠਾਣੇ ਦੇ ਮੁੰਬਰਾ ਰੇਲਵੇ ਸਟੇਸ਼ਨ 'ਤੇ ਟਰੇਨ ਤੋਂ ਡਿੱਗ ਗਏ। ਮੰਨਿਆ ਜਾ ਰਿਹਾ ਹੈ ਕਿ ਟਰੇਨ ਵਿੱਚ ਬਹੁਤ ਭੀੜ ਸੀ, ਇਸ ਲਈ ਇਹ ਹਾਦਸਾ ਵਾਪਰਿਆ। ਰੇਲਵੇ ਪ੍ਰਸ਼ਾਸਨ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ। ਜ਼ਖਮੀਆਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ। ਹਾਦਸੇ ਦੀ ਜਾਂਚ ਸ਼ੁਰੂ ਹੋ ਗਈ ਹੈ। ਘਟਨਾ ਨਾਲ ਸਥਾਨਕ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ ਹਨ।

ਪੁਸ਼ਪਕ ਐਕਸਪ੍ਰੈਸ ਤੋਂ ਯਾਤਰੀਆਂ ਦੇ ਡਿੱਗਣ ਦੀ ਵੀ ਖ਼ਬਰ

ਦੱਸਿਆ ਜਾ ਰਿਹਾ ਹੈ ਕਿ ਕਸਾਰਾ ਜਾਣ ਵਾਲੀ ਲੋਕਲ ਅਤੇ ਪੁਸ਼ਪਕ ਐਕਸਪ੍ਰੈਸ ਉੱਥੋਂ ਲੰਘ ਰਹੀਆਂ ਸਨ, ਕੁਝ ਹੋਰ ਯਾਤਰੀ ਵੀ ਇਸ ਐਕਸਪ੍ਰੈਸ ਤੋਂ ਡਿੱਗ ਗਏ ਹਨ। ਇਸ ਹਾਦਸੇ ਬਾਰੇ ਸ਼ਿਵ ਸੈਨਾ ਸ਼ਿੰਦੇ ਧੜੇ ਦੇ ਸੰਸਦ ਮੈਂਬਰ ਨਰੇਸ਼ ਮਹਾਸਕੇ ਨੇ ਕਿਹਾ ਕਿ ਇਹ ਘਟਨਾ ਕਿਵੇਂ ਵਾਪਰੀ ਅਤੇ ਇਸ ਪਿੱਛੇ ਕੀ ਕਾਰਨ ਸੀ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਸਰਕਾਰ ਹਮੇਸ਼ਾ ਟ ?ਰੇਨਾਂ ਦੀ ਗਿਣਤੀ ਵਧਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਯਾਤਰੀਆਂ ਦੀ ਸੁਰੱਖਿਆ ਲਈ ਵੀ ਸਰਕਾਰ ਜ਼ਿੰਮੇਵਾਰ ਹੈ।

ਇਸ ਹਾਦਸੇ ਬਾਰੇ ਭਾਜਪਾ ਵਿਧਾਇਕ ਸੰਜੇ ਕੇਲਕਰ ਨੇ ਕਿਹਾ, "ਇਹ ਘਟਨਾ ਬਹੁਤ ਹੀ ਮੰਦਭਾਗੀ ਅਤੇ ਦੁਖਦਾਈ ਹੈ। ਇਹ ਪੰਜ ਯਾਤਰੀ ਕਿਵੇਂ ਡਿੱਗੇ ਇਸਦੀ ਜਾਂਚ ਕਰਨੀ ਜ਼ਰੂਰੀ ਹੈ। (**ਬਾਕੀ 2 ਤੇ**)

## ਪ੍ਰਸਿੱਧ ਗਾਇਕ ਗੁਰਦਾਸ ਮਾਨ ਨੂੰ ਵੱਡਾ ਸਦਮਾ, ਛੋਟੇ ਭਰਾ ਗੁਰਪੰਥ ਮਾਨ ਦਾ ਦੇਹਾਂਤ



**ਐਸਏਐਸ ਨਗਰ :** ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਹਨਾਂ ਦੇ ਛੋਟੇ ਭਰਾ ਗੁਰਪੰਥ ਸਿੰਘ ਮਾਨ ਦਾ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ, ਗੁਰਪੰਥ ਸਿੰਘ ਮਾਨ ਜੋ ਕਿ ਪੇਸ਼ੇ ਵਜੋਂ ਆੜ੍ਹਤ ਦਾ ਵਪਾਰ ਗਿੱਦੜਬਾਹਾ ਵਿਖੇ ਕਰਦੇ ਸਨ ਅਤੇ ਕੁਝ ਸਮੇਂ ਤੋਂ ਫੇਫੜੇ ਦੇ ਕੈਂਸਰ ਤੋਂ ਪੀੜਤ ਸਨ ਅਤੇ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਕੁਝ ਦਿਨਾਂ ਤੋਂ ਦਾਖਲ ਸਨ। ਉਨ੍ਹਾਂ ਦਾ ਕੈਂਸਰ ਪੂਰੇ ਸਰੀਰ ਵਿੱਚ ਫੈਲਣ ਕਾਰਨ ਅੱਜ ਮੋਹਾਲੀ ਵਿੱਚ ਸ਼ਾਮੀ 4 ਵਜੇ ਦੇ ਕਰੀਬ ਉਹਨਾਂ ਦਾ ਦੇਹਾਂਤ ਹੋ ਗਿਆ। ਗੁਰਪੰਥ ਆਪਣੇ ਪਿੱਛੇ ਆਪਣੀ ਪਤਨੀ, ਪੁੱਤਰ ਅਤੇ ਧੀ ਛੱਡ ਗਏ ਹਨ। ਦੋਵੇਂ ਬੱਚੇ ਵਿਦੇਸ਼ ਵਿੱਚ ਵਸ ਗਏ ਹਨ। ਉਹ ਗੁਰਦਾਸ ਅਤੇ ਉਨ੍ਹਾਂ ਦੀ ਭੈਣ ਵਿਚਕਾਰਲਾ ਭਰਾ ਸੀ। ਉਨ੍ਹਾਂ ਦਾ ਅੰਤਿਮ ਸੰਸਕਾਰ ਮੰਗਲਵਾਰ ਨੂੰ ਚੰਡੀਗੜ੍ਹ ਵਿੱਚ ਹੋਵੇਗਾ। ਇਸ ਦੁੱਖ ਦੀ ਘੜੀ ਵਿੱਚ ਗਾਇਕ ਗੁਰਦਾਸ ਮਾਨ (**ਬਾਕੀ 2 ਤੇ**)

## 14 ਦਿਨ ਨਿਆਂਇਕ ਹਿਰਾਸਤ 'ਚ ਯੂਟਿਊਬਰ ਜਸਬੀਰ ਸਿੰਘ, ਹਰਿਆਣਾ ਪੁਲਿਸ ਕਰ ਸਕਦੀ ਹੈ ਪੁੱਛਗਿੱਛ



**ਚੰਡੀਗੜ।** ਪਾਕਿਸਤਾਨ ਲਈ ਜਾਸੂਸੀ ਕਰਨ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤੇ ਗਏ ਮਸ਼ਹੂਰ ਯੂਟਿਊਬਰ ਜਸਬੀਰ ਸਿੰਘ ਉਰਫ਼ ਜਾਨ ਮਾਹਲ ਨੂੰ ਸੋਮਵਾਰ 2 ਦਿਨਾਂ ਦੇ ਰਿਮਾਂਡ ਦੇ ਅੰਤ 'ਤੇ ਮੋਹਾਲੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ।

ਇਸ ਮੌਕੇ ਜਸਬੀਰ ਦੇ ਵਕੀਲ ਮੋਹਿਤ ਕੁਮਾਰ ਦੁਪੱੜ ਨੇ ਕਿਹਾ ਕਿ ਅੱਜ ਪੁਲਿਸ ਵੱਲੋਂ ਰਿਮਾਂਡ ਦੀ ਮੰਗ ਨਹੀਂ ਕੀਤੀ ਗਈ। ਮਾਮਲੇ ਦਾ ਫੈਸਲਾ ਹੋ ਗਿਆ ਹੈ, ਤੇ ਹੁਣ ਇਸ ਨੂੰ 23 ਜੂਨ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਸੁਣਵਾਈ ਸਿਰਫ਼ ਪੰਜ ਮਿੰਟਾਂ ਵਿੱਚ ਪੂਰੀ ਹੋ ਗਈ।

ਦੂਜੇ ਪਾਸੇ, ਵਕੀਲ ਦਾ ਕਹਿਣਾ ਹੈ ਕਿ ਅੱਜ ਅਦਾਲਤ ਵਿੱਚ ਸੁਣਵਾਈ ਦੌਰਾਨ ਪ੍ਰੇਮਿਕਾ ਦਾ ਕੋਈ ਜ਼ਿਕਰ ਨਹੀਂ ਸੀ ਅਤੇ ਨਾ ਹੀ ਕੰਪਿਊਟਰ ਅਤੇ ਲੈਪਟਾਪ 'ਤੇ ਕੋਈ ਗੱਲਬਾਤ ਹੋਈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹੁਣ ਪੁਲਿਸ ਅਦਾਲਤ ਵਿੱਚ ਚਾਰਜਸ਼ੀਟ ਪੇਸ਼ ਕਰੇਗੀ, ਜਿਸ ਵਿੱਚ ਸਾਰੀ ਸਥਿਤੀ ਸਪੱਸ਼ਟ ਹੋ ਜਾਵੇਗੀ।

ਉਹ ਕਹਿੰਦਾ ਹੈ ਕਿ ਉਸਨੂੰ ਜ਼ਬਰਦਸਤੀ ਫਸਾਇਆ ਗਿਆ ਹੈ। ਹਾਲਾਂਕਿ, ਇਸ ਤੋਂ ਪਹਿਲਾਂ ਜਸਬੀਰ ਦਾ ਸਿਵਲ ਹਸਪਤਾਲ ਵਿੱਚ ਡਾਕਟਰੀ ਇਲਾਜ ਕਰਵਾਇਆ (**ਬਾਕੀ 2 ਤੇ**)

## ਪਾਸਟਰ ਬਜਿੰਦਰ ਨੂੰ ਸਜ਼ਾ ਦਵਾਉਣ ਵਾਲੇ ਪਤੀ-ਪਤਨੀ ਖਿਲਾਫ਼ FIR

**ਖਰੜ।** ਖਰੜ ਦੀ ਰਹਿਣ ਵਾਲੀ ਔਰਤ ਤੇ ਉਸ ਦੇ ਪਤੀ, ਜਿਨ੍ਹਾਂ ਨੇ ਪਾਦਰੀ ਬਜਿੰਦਰ ਸਿੰਘ ਨੂੰ ਬਲਾਤਕਾਰ ਦੇ ਮਾਮਲੇ ਵਿੱਚ ਜੇਲ੍ਹ ਭੇਜਿਆ ਸੀ, ਹੁਣ ਮੁਸੀਬਤ ਵਿੱਚ ਹਨ।

ਉਨ੍ਹਾਂ ਵਿਰੁੱਧ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਵਿੱਚ ਸਮੂਹਿਕ ਬਲਾਤਕਾਰ, ਅਗਵਾ ਤੇ ਹਮਲੇ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਦੂਜੇ ਪਾਸੇ ਜੋੜੇ ਨੇ ਇਸ ਮਾਮਲੇ ਨੂੰ ਝੂਠਾ ਦੱਸਿਆ ਹੈ। ਇਹ ਕਿਹਾ ਜਾ ਰਿਹਾ ਹੈ ਕਿ ਪਾਦਰੀ ਵਿਰੁੱਧ ਕੇਸ ਹੋਣ ਕਾਰਨ ਉਸ ਨੂੰ ਪੁਲਿਸ ਸੁਰੱਖਿਆ ਦਿੱਤੀ ਗਈ ਹੈ। ਉਹਨਾਂ ਨੂੰ 24 ਘੰਟੇ ਘਰ 'ਚ ਨਜ਼ਰਬੰਦ ਰੱਖਿਆ ਜਾਂਦਾ ਹੈ। ਕਿਤੇ ਵੀ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਪੁਲਿਸ ਨੂੰ ਸੂਚਿਤ ਕਰਨਾ ਪੈਂਦਾ ਹੈ। ਉਨ੍ਹਾਂ ਦਾ ਇਲਜ਼ਾਮ ਹੈ ਕਿ ਬਜਿੰਦਰ, ਜੋ ਕਿ ਜੇਲ੍ਹ ਵਿੱਚ ਹੈ, ਇਹ ਸਭ ਕਰਵਾ ਰਿਹਾ ਹੈ।

ਜ਼ਿਲ੍ਹਾ ਮੋਹਾਲੀ ਦੇ ਵਸਨੀਕ ਇਸ ਜੋੜੇ ਨੇ ਡੀਜੀਪੀ ਨੂੰ ਆਪਣੀ ਸ਼ਿਕਾਇਤ ਵਿੱਚ ਉਨ੍ਹਾਂ ਵਿਰੁੱਧ ਜ਼ਿਲ੍ਹਾ ਮੰਡੀ ਦੇ ਥਾਣਾ ਬਲਹ ਵਿਖੇ ਧਾਰਾ 87, 70 (1) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰਵਾਇਆ ਹੈ। ਉਸ ਨੂੰ ਇਸ ਮਾਮਲੇ ਦੀ ਜਾਂਚ ਲਈ ਕੋਈ ਨੋਟਿਸ ਨਹੀਂ ਮਿਲਿਆ। ਉਨ੍ਹਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਮੰਡੀ ਅਦਾਲਤ ਵਿੱਚ ਉਸ ਦੇ ਆਧਾਰ ਕਾਰਡ ਦੀ ਕਾਪੀ ਜਮ ?ਹਾ ਕਰਵਾ ਕੇ ਜ਼ਮਾਨਤ ਦਿੱਤੀ ਗਈ, ਜਿਸ ਬਾਰੇ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ। 7 ਜੂਨ ਨੂੰ, ਬਲਹ ਪੁਲਿਸ ਸਟੇਸ਼ਨ ਦੀ ਇੱਕ ਟੀਮ ਉਸ ਦੇ ਘਰ ਪਹੁੰਚੀ ਤੇ ਉਸ ਤੋਂ ਪੁੱਛਗਿੱਛ ਕੀਤੀ। ਬੰਦੂਕਧਾਰੀ ਤੋਂ ਇਲਾਵਾ, ਉਨ੍ਹਾਂ ਨੂੰ 22 ਅਤੇ 23 ਮਈ ਨੂੰ ਉਸਦੇ ਠਿਕਾਣੇ ਬਾਰੇ ਵੀ ਪੁੱਛਿਆ ਗਿਆ। ਐਫਆਈਆਰ ਵਿੱਚ ਪਤੀ ਦੀ ਜ਼ਮਾਨਤ ਰੱਦ ਹੋਣ ਦਾ ਜ਼ਿਕਰ ਕੀਤਾ ਗਿਆ ਸੀ।

ਪਾਸਟਰ ਬਜਿੰਦਰ ਸਿੰਘ ਖਿਲਾਫ਼ 2018 ਵਿੱਚ ਜ਼ੀਰਕਪੁਰ ਪੁਲਿਸ ਸਟੇਸ਼ਨ ਵਿੱਚ ਬਲਾਤਕਾਰ, ਹਮਲਾ ਤੇ ਧਮਕੀਆਂ ਦੇ ਇਲਜ਼ਾਮ 'ਚ ਮਾਮਲਾ ਦਰਜ ਕੀਤਾ ਗਿਆ ਸੀ। ਪੀੜਤਾ ਨੇ ਕਿਹਾ ਕਿ ਉਹ ਵਿਦੇਸ਼ ਵਿੱਚ ਸੈਟਲ ਹੋਣਾ ਚਾਹੁੰਦੀ ਹੈ। ਇਸ ਲਈ ਉਨ੍ਹਾਂ ਨੇ ਬਜਿੰਦਰ ਨਾਲ ਸੰਪਰਕ ਕੀਤਾ। ਬਜਿੰਦਰ ਉਸ ਨੂੰ ਮੋਹਾਲੀ ਦੇ ਸੈਕਟਰ 63 ਸਥਿਤ ਆਪਣੇ ਘਰ ਲੈ ਗਿਆ। ਜਿੱਥੇ ਉਸਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਵੀਡੀਓ ਬਣਾਈ।

## ਪੰਜਾਬ ਸਰਕਾਰ ਦਾ ਵੱਡਾ ਐਕਸ਼ਨ, ਬਠਿੰਡਾ ਦੇ ਡੀਐਸਪੀ ਹਰਬੰਸ ਸਿੰਘ ਮੁਅੱਤਲ



**ਬਠਿੰਡਾ** - ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਸਰਕਾਰ ਨੇ ਬਠਿੰਡਾ ਦੇ ਡੀਐਸਪੀ ਹਰਬੰਸ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਜਾਂਚ ਤੋਂ ਪਤਾ ਲੱਗਾ ਕਿ ਉਹ ਨਸ਼ੀਲੇ ਪਦਾਰਥਾਂ ਦੇ ਇਲਜ਼ਾਮਾਂ 'ਤੇ ਕਾਰਵਾਈ ਕਰਨ ਵਿੱਚ ਢਿੱਲੇ ਰਹੇ ਸਨ।

ਡੀਐਸਪੀ ਦੇ ਨਸ਼ਾ ਤਸਕਰਾਂ ਨਾਲ ਕਥਿਤ ਸਬੰਧਾਂ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮਾਨ ਸਰਕਾਰ ਦਾ ਸਖ਼ਤ ਸੰਦੇਸ਼ ਇਹ ਹੈ ਕਿ ਉਹ "ਨਸ਼ਿਆਂ ਵਿਰੁੱਧ ਜੰਗ ਵਿੱਚ ਕੋਈ ਢਿੱਲ ਬਰਦਾਸ਼ਤ ਨਹੀਂ ਕਰੇਗੀ । ਹਰ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ, ਭਾਵੇਂ ਉਸਦਾ ਅਹੁਦਾ ਕਿੰਨਾ ਵੀ ਉੱਚਾ ਕਿਉਂ ਨਾ ਹੋਵੇ। ਜਾਣਕਾਰੀ ਅਨੁਸਾਰ, ਨਸ਼ਿਆਂ ਵਿਰੁੱਧ ਜੰਗ ਨੂੰ ਲੈ ਕੇ ਪੰਜਾਬ ਸ਼ੁਰੂ ਤੋਂ ਹੀ ਐਕਸ਼ਨ ਮੋਡ ਵਿੱਚ ਹੈ। ਇਸ ਤੋਂ ਪਹਿਲਾਂ ਬਠਿੰਡਾ ਵਿੱਚ ਵੀ ਕਾਂਸਟੇਬਲ ਅਮਨਦੀਪ ਕੌਰ ਖ਼ ?ਲਾਫ਼ ਕੇਸ ਦਰਜ ਕੀਤਾ ਗਿਆ ਸੀ। ਉਸ 'ਤੇ ਆਪਣੇ ਵਾਹਨਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦਾ ਇਲਜ਼ਾਮ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਪੁਲਿਸ ਤੋਂ ਬਰਖਾਸਤ ਕਰ ਦਿੱਤਾ ਗਿਆ। ਇਸ ਤੋਂ ਬਾਅਦ, ਵਿਜੀਲੈਂਸ ਬਿਊਰੋ ਨੇ ਹੁਣ ਉਨ੍ਹਾਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਰੱਖਣ ਦਾ ਮਾਮਲਾ ਦਰਜ ਕੀਤਾ ਹੈ। ਉਹ ਇਸ ਵੇਲੇ ਜੇਲ੍ਹ ਵਿੱਚ ਹੈ। ਇਸ ਦੇ ਨਾਲ ਹੀ ਬਠਿੰਡਾ ਦੇ ਵਿਜੀਲੈਂਸ ਬਿਊਰੋ ਦੀ ਟੀਮ ਦੁਬਾਰਾ ਪੁੱਛਗਿੱਛ ਦੀ ਤਿਆਰੀ ਕਰ ਰਹੀ ਹੈ। ਇਸ ਲਈ ਜੇਲ੍ਹ ਅਥਾਰਟੀ ਨੂੰ ਇੱਕ ਪੱਤਰ ਵੀ ਲਿਖਿਆ ਗਿਆ ਹੈ।

ਡੀਐਸਪੀ ਨੂੰ ਪਹਿਲਾਂ ਕੀਤਾ ਗਿਆ ਸੀ ਗ੍ਰਿਫ਼ਤਾਰ

ਕੁਝ ਦਿਨ ਪਹਿਲਾਂ ਸੰਗਰੂਰ ਜੇਲ੍ਹ ਦੇ ਅੰਦਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਲੈ ਕੇ ਖੁਲਾਸਾ ਹੋਇਆ ਸੀ। ਇਸ ਮਾਮਲੇ 'ਚ ਡਿਪਟੀ ਸੁਪਰਡੈਂਟ ਆਫ਼ ਪੁਲਿਸ ਸੁਰੱਖਿਆ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਵੀ ਇਸ ਧੰਦੇ (**ਬਾਕੀ 2 ਤੇ**)

# ਤਹਿਸੀਲਾਂ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਵੱਲ ਵਧ ਰਿਹਾ ਹੈ ਪੰਜਾਬ: ਭਗਵੰਤ ਮਾਨ

## ਪਟਿਆਲਾ ਦੇ ਸ਼ਾਸਕ ਸਿਰਫ਼ ਆਪਣੇ ਵਿਕਾਸ ਲਈ ਪ੍ਰੇਸ਼ਾਨ ਸਨ





**ਦੂਧਨ ਸਾਧਾਂ (ਪਟਿਆਲਾ) (ਅਮਨ ਸਿੱਧੂ)** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਪੰਜਾਬ ਭਰ ਦੀਆਂ ਸਾਰੀਆਂ ਤਹਿਸੀਲਾਂ ਅਤੇ ਸਬ-ਤਹਿਸੀਲ ਕੰਪਲੈਕਸ ਭ੍ਰਿਸ਼ਟਾਚਾਰ ਮੁਕਤ ਹੋਣ ਵੱਲ ਵਧ ਰਹੇ ਹਨ। ਇੱਥੇ ਨਵੇਂ ਬਣੇ ਤਹਿਸੀਲ ਕੰਪਲੈਕਸ ਨੂੰ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਸੂਬਾ ਸਰਕਾਰ ਨੇ ਕਾਰਜਭਾਰ ਸੰਭਾਲਿਆ ਸੀ ਤਾਂ ਮਾਲ ਅਧਿਕਾਰੀ ਸੋਚਦੇ ਸਨ ਕਿ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਰਾਹੀਂ ਲੋਕਾਂ ਨੂੰ ਲੁੱਟਣ ਦਾ ਦੈਵੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਉਹ ਆਮ ਲੋਕਾਂ ਨੂੰ ਛੋਟੇ-ਮੋਟੇ ਕੰਮਾਂ ਲਈ ਵੀ ਪ੍ਰੇਸ਼ਾਨ ਕਰਦੇ ਸਨ ਅਤੇ ਜੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕੀਤੀ ਜਾਂਦੀ ਹੈ ਤਾਂ ਕੰਮ ਵਿੱਚ ਅੜਿੱਕਾ ਡਾਹੁਣ ਦੀ ਧਮਕੀ ਦਿੰਦੇ ਸਨ।

### ਅਕਾਲੀਆਂ ਵੱਲੋਂ ਆਪਣੇ ਸਵਾਰਥਾਂ ਲਈ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਨ ਦੀ ਨਿੰਦਾ

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦਾ ਵਾਅਦਾ ਕਰ ਕੇ ਸੱਤਾ ਵਿੱਚ ਆਈ ਹੈ, ਜਿਸ ਕਾਰਨ ਸੂਬਾ ਸਰਕਾਰ ਨੇ ਇਸ ਵਿਰੁੱਧ ਵੱਡੀ ਕਾਰਵਾਈ ਸ਼ੁਰੂ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਦੇ ਨਤੀਜੇ ਵਜੋਂ ਪੰਜਾਬ ਭਰ ਦੀਆਂ ਸਾਰੀਆਂ ਤਹਿਸੀਲਾਂ ਅਤੇ ਸਬ-ਤਹਿਸੀਲ ਕੰਪਲੈਕਸ ਭ੍ਰਿਸ਼ਟਾਚਾਰ ਮੁਕਤ ਹੋਣ ਵੱਲ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਮਾਲ ਅਧਿਕਾਰੀ ਸਮੂਹਿਕ ਛੁੱਟੀਆਂ ਜਾਂ ਹੜਤਾਲਾਂ ਦੇ ਬਹਾਨੇ ਆਮ ਆਦਮੀ ਨੂੰ ਪ੍ਰੇਸ਼ਾਨ ਕਰਦੇ ਸਨ ਪਰ ਸੂਬਾ ਸਰਕਾਰ ਇਨ੍ਹਾਂ ਭ੍ਰਿਸ਼ਟ ਅਧਿਕਾਰੀਆਂ ਅੱਗੇ ਨਹੀਂ ਝੁਕੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਸਰਕਾਰ ਭ੍ਰਿਸ਼ਟਾਚਾਰ ਨਾਲ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਰੱਖਦੀ ਹੈ ਅਤੇ ਇਨ੍ਹਾਂ ਅਧਿਕਾਰੀਆਂ ਦੀ ਬਲੈਕਮੇਲਿੰਗ ਬਰਦਾਸ਼ਤ ਨਹੀਂ ਕੀਤੀ ਗਈ ਅਤੇ ਭ੍ਰਿਸ਼ਟ ਤੇ ਹੰਕਾਰੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਸਖ਼ਤੀ ਨਾਲ ਨਜਿੱਠਿਆ ਗਿਆ ਕਿਉਂਕਿ ਉਹ ਭ੍ਰਿਸ਼ਟਾਚਾਰ ਦਾ ਲਾਇਸੈਂਸ ਲੈਣਾ ਚਾਹੁੰਦੇ ਸਨ, ਜਿਸ ਦੀ ਕਿਸੇ ਵੀ ਕੀਮਤ 'ਤੇ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਇਨ੍ਹਾਂ ਭ੍ਰਿਸ਼ਟ ਤਹਿਸੀਲਦਾਰਾਂ ਨੂੰ ਭ੍ਰਿਸ਼ਟਾਚਾਰ ਦੀ ਪੂਰੀ ਲੜੀ ਤੋੜਨ ਲਈ ਇਕ ਅਹੁਦੇ ਤੋਂ ਦੂਜੇ ਅਹੁਦੇ 'ਤੇ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਭ੍ਰਿਸ਼ਟਾਚਾਰ ਦੀ (**ਬਾਕੀ 2 ਤੇ**)

### ਉਦਯੋਗਪਤੀਆਂ ਨੂੰ ਵੱਡੀ ਰਾਹਤ

## ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ 10 ਜੂਨ ਨੂੰ 'ਫਾਸਟ ਟਰੈਕ ਪੰਜਾਬ ਪੋਰਟਲ' ਦੀ ਕਰਨਗੇ ਸ਼ੁਰੂਆਤ

**ਚੰਡੀਗੜ੍ਹ** - ਵਿਸ਼ਵਾਸ, ਪਾਰਦਰਸ਼ੀ ਪਹੁੰਚ ਅਤੇ ਤਬਦੀਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਭਲਕੇ (10 ਜੂਨ ਨੂੰ) 'ਫਾਸਟ ਟਰੈਕ ਪੰਜਾਬ ਪੋਰਟਲ' ਦੀ ਸ਼ੁਰੂਆਤ ਕਰਨਗੇ, ਜੋ ਨਿਵੇਸ਼ਕਾਂ ਨੂੰ ਅਰਜ਼ੀ ਦੇਣ ਦੇ 45 ਦਿਨਾਂ ਦੇ ਅੰਦਰ ਸਾਰੀਆਂ ਪ੍ਰਵਾਨਗੀਆਂ ਯਕੀਨੀ ਬਣਾਏਗਾ। ਮੁੱਖ ਮੰਤਰੀ ਨੇ ਕਿਹਾ, "ਇਹ ਸੁਧਾਰ ਸਾਡੀਆਂ ਕੋਸ਼ਿਸ਼ਾਂ ਦਾ ਅੰਤ ਨਹੀਂ ਸਗੋਂ ਇਕ ਲਹਿਰ ਦੀ ਸ਼ੁਰੂਆਤ ਹੈ, ਇਕ ਅਜਿਹੀ ਲਹਿਰ, ਜਿੱਥੇ ਕਾਰੋਬਾਰ ਕਰਨ ਵਿੱਚ ਸੌਖ ਇਕ ਨਾਅਰੇ ਦੀ ਥਾਂ ਸੱਭਿਆਚਾਰ ਦਾ ਪ੍ਰਤੀਕ ਬਣਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਿੰਮਤੀਆਂ ਅਤੇ ਉੱਦਮੀਆਂ ਅਤੇ ਸੂਰਮਿਆਂ ਦੀ ਧਰਤੀ ਰਿਹਾ ਹੈ ਅਤੇ ਹੁਣ ਇਹ ਉਸੇ ਭਾਵਨਾ ਨਾਲ ਭਾਰਤ ਦੇ ਉਦਯੋਗਿਕ ਉਭਾਰ ਦੀ ਅਗਵਾਈ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇਹ ਹਰੇਕ ਨਿਵੇਸ਼ਕ ਲਈ ਇਕ ਦਲੇਰਾਨਾ ਐਲਾਨ ਹੈ ਕਿ ਪੰਜਾਬ (**ਬਾਕੀ 2 ਤੇ**)



### ਮਨੀਪੁਰ : 55.52 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਤੇ ਨਕਦੀ ਸਮੇਤ 5 ਕਾਬੂ

**ਮਨੀਪੁਰ** - ਡੀ. ਆਰ. ਆਈ., ਕਸਟਮਜ਼, ਅਸਾਮ ਰਾਈਫਲਜ਼ ਅਤੇ ਮਨੀਪੁਰ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਦੌਰਾਨ ਮਨੀਪੁਰ ਵਿਚ ਲਗਭਗ 55.52 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਅਤੇ ਨਕਦੀ ਜ਼ਬਤ ਕੀਤੀ ਹੈ ਤੇ ਪੰਜ ਵਿਅਕਤੀ ਗ੍ਰਿਫ਼ਤਾਰ ਕੀਤੇ ਹਨ।



## ਵਪਾਰੀਆਂ ਤੋਂ 50 ਲੱਖ ਦੀ ਫਿਰੌਤੀ ਮੰਗਣ ਵਾਲੇ ਪੰਜ ਮੁਲਜ਼ਮ ਗ੍ਰਿਫ਼ਤਾਰ



**ਬਟਾਲਾ :** ਗੋਲ ਹੱਟੀ ਚੌਕ ਘੁਮਾਣ ਅਤੇ ਸੁੱਖ ਪ੍ਰਾਪਰਟੀ ਡੀਲਰ ਕੋਲੋਂ ਫਿਰੌਤੀ ਮੰਗਣ ਅਤੇ ਦੁਕਾਨ 'ਤੇ ਗੋਲੀਆਂ ਚਲਾਉਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ 5 ਬਦਮਾਸ਼ਾਂ ਨੂੰ ਬਟਾਲਾ ਪੁਲਸ ਵਲੋਂ ਗਿ ?ਰਫਤਾਰ ਕਰਕੇ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਜੇਐੱਸ ਢਿੱਲੋਂ ਨੇ ਦੱਸਿਆ ਕਿ ਪਿਛਲੇ ਦਿਨੀਂ ਗੋਲੀ ਹੱਟੀ ਚੌਕ ਘੁਮਾਣ ਅਤੇ ਸੁੱਖ ਪ੍ਰਾਪਰਟੀ ਡੀਲਰ ਘੁਮਾਣ ਕੋਲੋਂ 50 ਲੱਖ ਦੀ ਫਿਰੌਤੀ ਮੰਗੀ ਸੀ ਅਤੇ ਜਦ ਇਹਨਾਂ ਨੇ ਫਿਰੌਤੀ ਨਾ ਦਿੱਤੀ ਤਾਂ ਉਕਤ ਦੋਹਾਂ ਦੀਆਂ ਦੁਕਾਨਾਂ 'ਤੇ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਸਨ। ਉਕਤ ਮਾਮਲੇ ਘੁਮਾਣ ਪੁਲਸ ਵਲੋਂ ਥਾਣੇ ਵਿਚ ਬਣੀਆਂ ਧਾਰਾਵਾਂ ਹੇਠ ਮੁਕੱਦਮਾ ਨੰ.67 ਮਿਤੀ 1 ਮਈ 2025 ਨੂੰ ਦਰਜ ਕੀਤਾ ਗਿਆ ਸੀ, ਜਿਸ ਦੇ ਬਾਅਦ ਉਕਤ ਮਾਮਲੇ ਨਾਲ ਸਬੰਧਤ ਦੋਸ਼ੀਆਂ ਨੂੰ ਟਰੇਸ ਲਈ ਐੱਸਐੱਸਪੀ ਬਟਾਲਾ ਸੁਹੈਲ ਕਾਸਿਮ ਮੀਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਐੱਸਪੀ ਇਨਵੈੱਸਟੀਗੇਸ਼ਨ ਦੀ ਨਿਗਰਾਨੀ ਅਤੇ ਡੀਐੱਸਪੀ ਸ੍ਰੀ ਹਰਗੋਬਿੰਦਪੁਰ ਸਮੇਤ ਡੀਐੱਸਪੀ ਇਨਵੈੱਸਟੀਗੇਸ਼ਨ ਬਟਾਲਾ ਦੀ ਅਗਵਾਈ ਹੇਠ ਸੀਆਈਏ ਸਟਾਫ ਦੇ ਇੰਚਾਰਜ ਇੰਸਪੈਕਟਰ ਸੁਖਰਾਜ ਸਿੰਘ ਤੇ ਐੱਸਐੱਚਓ ਘੁਮਾਣ ਬਿਕਰਮ ਸਿੰਘ 'ਤੇ ਆਧਾਰਿਤ ਵੱਖ-ਵੱਖ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ ਅਤੇ ਗੋਲੀ ਹੱਟੀ ਦੁਕਾਨ 'ਤੇ ਗੋਲੀਆਂ ਚਲਾਉਣ ਦੇ ਮਾਮਲੇ ਵਿਚ 5 ਵਿਅਕਤੀਆਂ ਜਿੰਨ੍ਹਾਂ ਵਿਚ ਆਕਾਸ਼ਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਮਹਿਤਾ ਚੌਕ, ਜਰਮਨਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਉੱਦੋਕੇ ਕਲਾਂ, ਜੁਗਰਾਜ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਲੰਗਿਆਂਵਾਲੀ, ਰੋਬਿਨਪ੍ਰੀਤ ਸਿੰਘ ਪੁੱਤਰ ਪਲਵਿੰਦਰ ਸਿੰਘ ਵਾਸੀ ਭੋਮਾ ਅਤੇ ਅਮਨਦੀਪ ਸਿੰਘ ਪੁੱਤਰ ਲਾਲ ਸਿੰਘ ਵਾਸੀ ਦੇਬੀ ਵਾਲਾ ਬਾਜ਼ਾਰ ਵੇਰਕਾ ਦੇ ਨਾਂ ਸ਼ਾਮਲ ਹਨ, ਨੂੰ ਗਿ ?ਰਫਤਾਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ।

## ਮੇਘਾਲਿਆ 'ਚ ਇੰਦੌਰ ਜੋੜੇ ਦੇ ਲਾਪਤਾ ਹੋਣ ਦੇ ਮਾਮਲੇ 'ਚ ਵੱਡਾ ਖੁਲਾਸਾ, ਸੋਨਮ ਨੇ ਕਰਵਾਇਆ ਆਪਣੇ ਪਤੀ ਦਾ ਕਤਲ; ਕੀਤਾ ਆਤਮ-ਸਮਰਪਣ

**ਸ਼ਿਲਾਂਗ:** ਸ਼ਿਲਾਂਗ ਵਿੱਚ ਲਾਪਤਾ ਹੋਈ ਸੋਨਮ ਰਘੂਵੰਸ਼ੀ ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਵਿੱਚ ਮਿਲ ਗਈ ਹੈ। 17 ਦਿਨਾਂ ਤੋਂ ਲਾਪਤਾ ਸੋਨਮ ਰਘੂਵੰਸ਼ੀ ਯੂਪੀ ਦੇ ਗਾਜ਼ੀਪੁਰ ਦੇ ਇੱਕ ਢਾਬੇ 'ਤੇ ਮਿਲੀ। ਉਹ ਮੇਘਾਲਿਆ ਤੋਂ ਲਾਪਤਾ ਹੋਈ ਸੀ। ਸੋਨਮ ਨੂੰ ਗਾਜ਼ੀਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਮੇਘਾਲਿਆ ਦੇ ਡੀਜੀਪੀ ਆਈ ਨੋਂਗਰਾਂਗ ਨੇ ਨਿਊਜ਼ ਏਜੰਸੀ ਪੀਟੀਆਈ ਨੂੰ ਦੱਸਿਆ ਕਿ ਇੰਦੌਰ ਸੈਲਾਨੀ ਰਾਜਾ ਰਘੂਵੰਸ਼ੀ ਦਾ ਕਥਿਤ ਤੌਰ 'ਤੇ ਮੇਘਾਲਿਆ ਵਿੱਚ ਹਨੀਮੂਨ ਦੌਰਾਨ ਉਸਦੀ ਪਤਨੀ ਦੁਆਰਾ ਕਿਰਾਏ 'ਤੇ ਲਏ ਗਏ ਲੋਕਾਂ ਦੁਆਰਾ ਕਤਲ ਕਰ ਦਿੱਤਾ ਗਿਆ ਸੀ।

ਸੋਨਮ ਗਾਜ਼ੀਪੁਰ ਦੇ ਢਾਬੇ 'ਤੇ ਇਸ ਹਾਲਤ ਵਿੱਚ ਮਿਲੀ ਸੀ

ਪਤਨੀ ਸੋਨਮ ਨੇ ਕਿਹਾ ਕਿ ਉਸਨੇ ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਵਿੱਚ ਪੁਲਿਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ, ਜਦੋਂ ਕਿ ਤਿੰਨ ਹੋਰ ਹਮਲਾਵਰਾਂ ਨੂੰ ਰਾਤ ਭਰ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕਰ ਲਿਆ ਗਿਆ।

ਦੱਸ ਦੇਈਏ ਕਿ ਸੋਨਮ ਨੇ ਆਪਣੇ ਭਰਾ ਗੋਵਿੰਦ ਨੂੰ ਵੀਡੀਓ ਕਾਲ ਰਾਹੀਂ ਇਸ ਬਾਰੇ ਜਾਣਕਾਰੀ ਦਿੱਤੀ ਸੀ।

ਸੋਨਮ ਨੇ ਕਤਲ ਦਾ ਠੇਕਾ ਦਿੱਤਾ ਸੀ

ਮੇਘਾਲਿਆ ਦੇ ਡੀਜੀਪੀ ਨੇ ਦੱਸਿਆ ਕਿ ਰਾਜਾ ਰਘੂਵੰਸ਼ੀ ਦੇ ਕਤਲ ਮਾਮਲੇ ਵਿੱਚ ਸੋਨਮ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਰਾਜਾ ਦੇ ਕਤਲ ਦਾ ਠੇਕਾ ਸੋਨਮ ਨੇ ਦਿੱਤਾ ਸੀ।

ਮੇਘਾਲਿਆ ਦੇ ਮੁੱਖ ਮੰਤਰੀ ਨੇ ਕਿਹਾ - ਔਰਤ ਨੇ ਆਤਮ ਸਮਰਪਣ ਕਰ ਦਿੱਤਾ

ਮੇਘਾਲਿਆ ਦੇ ਮੁੱਖ ਮੰਤਰੀ ਨੇ ਇੰਸਟਾਗ੍ਰਾਮ 'ਤੇ ਪੋਸਟ ਕਰਕੇ ਲਿਖਿਆ ਮੇਘਾਲਿਆ ਪੁਲਿਸ ਨੂੰ ਰਾਜਾ ਕਤਲ ਮਾਮਲੇ ਵਿੱਚ 7 ??ਦਿਨਾਂ ਦੇ ਅੰਦਰ ਵੱਡੀ ਸਫਲਤਾ ਮਿਲੀ ਹੈ। ਮੱਧ ਪ੍ਰਦੇਸ਼ ਦੇ 3 ਹਮਲਾਵਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਇਰਾਜ ਰਾਜਾ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸੋਨਮ ਰਘੂਵੰਸ਼ੀ ਨੰਦਗੰਜ ਦੇ ਇੱਕ ਢਾਬੇ 'ਤੇ ਮਿਲੀ ਸੀ।

ਸੋਨਮ ਵਨ ਸਟਾਪ ਸੈਂਟਰ ਵਿੱਚ ਹੈ - ਗਾਜ਼ੀਪੁਰ ਦੇ ਪੁਲਿਸ ਸੁਪਰਡੈਂਟ

ਗਾਜ਼ੀਪੁਰ ਦੇ ਪੁਲਿਸ ਸੁਪਰਡੈਂਟ ਨੇ ਵੀ ਇਸ ਮਾਮਲੇ ਵਿੱਚ ਜਾਣਕਾਰੀ ਦਿੱਤੀ ਹੈ। ਪੁਲਿਸ ਸੁਪਰਡੈਂਟ ਡਾ. ਇਰਾਜ ਰਾਜਾ ਨੇ ਦੱਸਿਆ ਕਿ ਸੋਨਮ ਰਘੂਵੰਸ਼ੀ ਨੰਦਗੰਜ ਦੇ ਇੱਕ ਢਾਬੇ 'ਤੇ ਮਿਲੀ ਸੀ। ਪਹਿਲਾਂ ਉਸਨੇ ਆਪਣੇ ਪਰਿਵਾਰ ਨੂੰ ਦੱਸਿਆ। ਪਰਿਵਾਰ ਨੇ ਸਥਾਨਕ ਪੁਲਿਸ ਨੂੰ ਸੂਚਿਤ ਕੀਤਾ। ਉੱਥੋਂ ਦੀ ਪੁਲਿਸ ਨੇ ਸਾਨੂੰ ਸੂਚਿਤ ਕੀਤਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਹੁਣ ਤੱਕ 16,348 ਗ੍ਰਿਫ਼ਤਾਰ, 622 ਕਿੱਲੋ ਹੈਰੋਇਨ ਬਰਾਮਦ, 118 ਡਰੱਗ ਮਨੀ ਨਾਲ ਬਣਿਆਂ ਜਾਇਦਾਦਾਂ ਢਾਹੀਆਂ ਗਈਆਂ: ਹਰਪਾਲ ਚੀਮਾ

**ਚੰਡੀਗੜ੍ਹ** - ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਤਰੀ ਤਰੁਣਪ੍ਰੀਤ ਸੌਂਧ ਨਾਲ ਅੱਜ 'ਯੁੱਧ ਨਸ਼ਿਆਂ ਵਿਰੁੱਧ' ਬਾਰੇ ਕੈਬਨਿਟ ਸਬ-ਕਮੇਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕੀਤਾ। ਚੀਮਾ ਨੇ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਕਈ ਮਹੱਤਵਪੂਰਨ ਕਦਮਾਂ ਦਾ ਐਲਾਨ ਕੀਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ 'ਤੇ ਚਾਨਣਾ ਪਾਇਆ।

200 ਮਨੋਵਿਗਿਆਨੀਆਂ ਦੀ ਭਰਤੀ

ਨਸ਼ੇੜੀਆਂ ਦੀ ਕਾਊਂਸਲਿੰਗ ਅਤੇ ਇਲਾਜ ਦੀ ਤੁਰੰਤ ਲੋੜ ਨੂੰ ਪੂਰਾ ਕਰਨ ਲਈ, ਰਾਜ ਛੇ ਮਹੀਨਿਆਂ ਲਈ ਅਸਥਾਈ ਤੌਰ 'ਤੇ 200 ਮਨੋਵਿਗਿਆਨੀਆਂ ਨੂੰ ਨਿਯੁਕਤ ਕਰੇਗਾ। ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ੇੜੀ ਉਹ ਮਰੀਜ਼ ਹਨ ਜਿਨ੍ਹਾਂ ਨੂੰ ਡਾਕਟਰੀ ਇਲਾਜ ਅਤੇ ਮਨੋਵਿਗਿਆਨਕ ਸਹਾਇਤਾ ਦੋਵਾਂ ਦੀ ਲੋੜ ਹੁੰਦੀ ਹੈ। ਸਿਹਤ ਵਿਭਾਗ ਨੂੰ ਮਨੋਵਿਗਿਆਨੀਆਂ ਲਈ ਨਿਯਮਤ ਅਸਾਮੀਆਂ ਮਨਜ਼ੂਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਸਥਾਈ ਭਰਤੀ ਅਗਲੇ ਛੇ ਮਹੀਨਿਆਂ ਦੇ ਅੰਦਰ ਪੂਰੀ ਕਰ ਲਈ ਜਾਵੇਗੀ।

ਨਸ਼ਾ ਛੁਡਾਊ ਕੇਂਦਰਾਂ ਲਈ 1,000 ਵਾਧੂ ਬੈਡ

ਸਰਕਾਰ ਨੇ ਨਸ਼ਾ ਛੁਡਾਊ ਕੇਂਦਰਾਂ, ਬਾਹਰੀ ਮਰੀਜ਼ਾਂ ਦੇ ਇਲਾਜ ਲਈ ਕਲੀਨਿਕਾਂ ਅਤੇ ਹਸਪਤਾਲਾਂ ਵਿੱਚ ਵਾਧੂ 1,000 ਬੈਡ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਹੈ। ਇਸ ਤੋਂ ਇਲਾਵਾ, ਨਿੱਜੀ ਨਰਸਿੰਗ ਸੰਸਥਾਵਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਨਾਲ ਸਾਂਝੇਦਾਰੀ ਵਿੱਚ 1,000 ਵਾਧੂ ਬੈਡ ਉਪਲਬਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਜਦੋਂ ਗਿਣਤੀ ਸਰਕਾਰੀ ਸਮਰੱਥਾ ਤੋਂ ਵੱਧ ਹੋ ਜਾਵੇਗੀ, ਤਾਂ ਨਸ਼ੇੜੀਆਂ ਨੂੰ ਤੁਰੰਤ ਨਿੱਜੀ ਸਹੂਲਤਾਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ, ਜਿਸ ਦਾ ਖਰਚਾ ਸਰਕਾਰ ਚੁੱਕੇਗੀ।

ਰੋਜ਼ਾਨਾ ਮਨੋਵਿਗਿਆਨੀ ਸੇਵਾਵਾਂ

ਹੁਣ ਮਨੋਚਿਕਿਤਸਕ ਹਸਪਤਾਲਾਂ, ਓਏਟੀ ਕਲੀਨਿਕਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਨੂੰ ਵਿਸ਼ੇਸ਼ ਇਲਾਜ ਪ੍ਰਦਾਨ ਕਰਨ ਲਈ ਰੋਜ਼ਾਨਾ ਦੋ ਘੰਟੇ ਕੰਮ ਕਰਨਗੇ। ਹਰੇਕ ਮਨੋਵਿਗਿਆਨੀ ਨੂੰ ਇਨ੍ਹਾਂ ਦੋ ਘੰਟਿਆਂ ਲਈ 3,000 ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ, ਜਿਸ ਨਾਲ ਕੁਸ਼ਲ, ਲੋੜ-ਅਧਾਰਿਤ ਸਲਾਹ ਅਤੇ ਦਵਾਈ ਮਿਲ ਸਕੇਗੀ।

ਨਸ਼ਾ ਛੁਡਾਊ ਕੇਂਦਰਾਂ ਲਈ ਸਟਾਫ਼ ? ਵਿੱਚ ਵਾਧਾ

ਸਿਹਤ ਵਿਭਾਗ ਨੂੰ ਹਦਾਇਤ



ਕੀਤੀ ਗਈ ਹੈ ਕਿ ਉਹ ਸਾਰੀਆਂ ਸਹੂਲਤਾਂ ਵਿੱਚ ਨਰਸਿੰਗ ਅਤੇ ਪੈਰਾ ਮੈਡੀਕਲ ਸਟਾਫ ਦੀ ਘਾਟ ਨੂੰ ਦੂਰ ਕਰਨ ਲਈ ਇੱਕ ਹਫ਼ਤੇ ਦੇ ਅੰਦਰ ਇੱਕ ਵਿਆਪਕ ਪ੍ਰਸਤਾਵ ਪੇਸ਼ ਕਰੇ।

ਨਸ਼ੇ ਤੋਂ ਬਾਹਰ ਆਉਣ ਵਾਲੇ ਲੋਕਾਂ ਲਈ ਹੁਨਰ ਵਿਕਾਸ ਪ੍ਰੋਗਰਾਮ

ਪੰਜਾਬ ਸਰਕਾਰ ਜੇਲ੍ਹਾਂ ਵਿੱਚ ਹੁਨਰ ਵਿਕਾਸ ਕੇਂਦਰ ਵੀ ਸਥਾਪਤ ਕਰੇਗੀ। ਇਹ ਪ੍ਰੋਗਰਾਮ ਨਸ਼ੇ ਦੇ ਆਦੀ ਲੋਕਾਂ ਨੂੰ ਠੀਕ ਹੋਣ ਲਈ ਵੋਕੇਸ਼ਨਲ ਟ ?ਰੇਨਿੰਗ ਪ੍ਰਦਾਨ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਜਦੋਂ ਉਹ ਸਮਾਜ ਵਿੱਚ ਵਾਪਸ ਆਉਣ ਤਾਂ ਉਨ੍ਹਾਂ ਕੋਲ ਟਿਕਾਊ ਰੋਜ਼ੀ-ਰੋਟੀ ਹੋਵੇ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਪ੍ਰਭਾਵ

ਮੰਤਰੀ ਚੀਮਾ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਵਿੱਚ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਵਿੱਚ ਇਸਦੇ ਠੋਸ ਪ੍ਰਭਾਵ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਨਤੀਜੇ ਵਜੋਂ, ਨਸ਼ੀਲੇ ਪਦਾਰਥਾਂ ਨਾਲ ਸਬੰਧਿਤ 9,580 ਮਾਮਲੇ ਦਰਜ ਕੀਤੇ ਗਏ ਅਤੇ 16,348 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਕਈ ਬਦਨਾਮ ਤਸਕਰਾਂ ਅਤੇ ਗੈਂਗਸਟਰਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਸਰਕਾਰ ਨੇ ਨਸ਼ਾ ਤਸਕਰਾਂ ਦੀਆਂ 118 ਜਾਇਦਾਦਾਂ ਢਾਹ ਦਿੱਤੀਆਂ, 622 ਕਿੱਲੋਗਰਾਮ ਹੈਰੋਇਨ ਜ਼ਬਤ ਕੀਤੀ ਅਤੇ 11 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਹ ਪ੍ਰਾਪਤੀਆਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ 'ਆਪ' ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਚੀਮਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਸ਼ਿਆਂ ਵਿਰੁੱਧ ਜੰਗ ਹੁਣ ਇੱਕ ਲੋਕ ਲਹਿਰ ਬਣ ਗਈ ਹੈ, ਜਿਸ ਵਿੱਚ ਨਾਗਰਿਕ ਨਸ਼ਾ ਤਸਕਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰ ਰਹੇ ਹਨ। ਬਹੁਤ ਸਾਰੇ ਨਸ਼ੇੜੀ ਸਵੈ-ਇੱਛਾ ਨਾਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਮਦਦ ਦੀ ਮੰਗ ਕਰ ਰਹੇ ਹਨ, ਜੋ ਕਿ ਨਸ਼ਾ ਤਸਕਰੀ ਦੇ ਨੈੱਟਵਰਕ ਵਿੱਚ ਇੱਕ ਮਹੱਤਵਪੂਰਨ ਰੁਕਾਵਟ ਦਾ ਸੰਕੇਤ ਹੈ।

ਵਿਰੋਧੀ ਪਾਰਟੀਆਂ ਦੀ ਤਿੱਖੀ ਆਲੋਚਨਾ

ਚੀਮਾ ਨੇ ਕਾਂਗਰਸ,ਅਕਾਲੀ ਦਲ ਅਤੇ ਭਾਜਪਾ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਦੀ ਸਰਕਾਰ ਦੌਰਾਨ ਨਸ਼ਿਆਂ ਦੇ ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ÷ਜਦੋਂ ਪੰਜਾਬ 'ਤੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦਾ ਰਾਜ ਸੀ, ਤਾਂ ਉਨ੍ਹਾਂ ਨੇ ਨਸ਼ਾ ਤਸਕਰੀ ਦੇ ਨੈੱਟਵਰਕਾਂ ਨੂੰ ਪਾਲਿਆ। ਉਨ੍ਹਾਂ ਨੇ ਪੰਜਾਬ ਨੂੰ ਨਸ਼ਿਆਂ ਦਾ ਸਮਾਨਾਰਥੀ ਬਣਾ ਦਿੱਤਾ।

ਮੰਤਰੀ ਨੇ ਵਿਰੋਧੀ ਆਗੂਆਂ ਦੇ ਇਰਾਦਿਆਂ 'ਤੇ ਸਵਾਲ ਉਠਾਉਂਦੇ ਹੋਏ ਸੁਝਾਅ ਦਿੱਤਾ, 'ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਡੋਪ ਟੈਸਟ ਕਰਵਾਉਣਾ ਚਾਹੀਦਾ ਹੈ ਅਤੇ ਖ਼ੁਦ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਉਣਾ ਚਾਹੀਦਾ ਹੈ।' ਉਨ੍ਹਾਂ ਨੇ ਕਾਂਗਰਸ ਅਤੇ ਅਕਾਲੀ ਆਗੂਆਂ ਨਾਲ ਜੁੜੇ ਤਸਕਰੀ ਦੇ ਮਾਮਲਿਆਂ ਦੀਆਂ ਉਦਾਹਰਨਾਂ ਦਿੱਤੀਆਂ, ਉਨ੍ਹਾਂ 'ਤੇ ਨਸ਼ਾ ਤਸਕਰਾਂ ਨੂੰ ਬਚਾਉਣ ਦਾ ਦੋਸ਼ ਲਗਾਇਆ। ਚੀਮਾ ਨੇ ਸ਼ਰਾਬ ਦੇ ਨਾਜਾਇਜ਼ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਨੂੰ ਬਚਾਉਣ ਲਈ ਅਕਾਲੀ ਦਲ ਨੂੰ ਵੀ ਘੇਰਿਆ ਅਤੇ ਕਿਹਾ, 'ਅਸੀਂ ਤਸਕਰੀ ਦੇ ਕੰਮਾਂ ਦੇ ਵੀਡੀਓ ਅਤੇ ਫ਼ੋਟੋਆਂ ਸਮੇਤ ਅਟੱਲ ਸਬੂਤ ਇਕੱਠੇ ਕੀਤੇ ਹਨ। ਇਨ੍ਹਾਂ ਮਾਮਲਿਆਂ ਵਿੱਚ ਸਜ਼ਾਵਾਂ ਯਕੀਨੀ ਬਣਾਉਣ ਲਈ ਪੂਰੀ ਤਾਕਤ ਨਾਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।' ਮੰਤਰੀ ਚੀਮਾ ਨੇ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ 'ਆਪ' ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਪਿੰਡਾਂ ਵਿੱਚ ਸਰਕਾਰ ਦੇ ਮਿਸ਼ਨ ਦਾ ਸਮਰਥਨ ਕਰਨ ਲਈ ਸਹੁੰ ਚੁੱਕਣ ਲਈ ਜਨਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ÷ਪੰਜਾਬ ਦੇ ਲੋਕ ਸਾਡੇ ਨਾਲ ਖੜ੍ਹੇ ਹਨ। ਇਕੱਠੇ ਮਿਲ ਕੇ, ਅਸੀਂ ਪੰਜਾਬ ਨੂੰ ਦੁਬਾਰਾ ਜੀਵੰਤ ਅਤੇ ਨਸ਼ਾ ਮੁਕਤ ਬਣਾਵਾਂਗੇ।'

## ਮੁੱਖ ਮੰਤਰੀ ਭਗਵੰਤ ਮਾਨ ਨੇ 10.80 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਅਤਿ-ਆਧੁਨਿਕ ਤਹਿਸੀਲ ਕੰਪਲੈਕਸ ਦਾ ਕੀਤਾ ਉਦਘਾਟਨ




**ਦੂਧਨ ਸਾਧਾਂ (ਪਟਿਆਲਾ) ਅਮਨ ਸਿੱਧੂ** - ਆਮ ਲੋਕਾਂ ਦੀ ਸਹੂਲਤ ਲਈ ਇਕ ਹੋਰ ਨਾਗਰਿਕ ਕੇਂਦਰਿਤ ਪਹਿਲਕਦਮੀ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ 10.80 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਅਤਿ-ਆਧੁਨਿਕ ਤਹਿਸੀਲ ਕੰਪਲੈਕਸ ਨੂੰ ਲੋਕਾਈ ਨੂੰ ਸਮਰਪਿਤ ਕੀਤਾ। ਐਸ.ਡੀ.ਐਮ., ਤਹਿਸੀਲਦਾਰ, ਨਾਇਬ ਤਹਿਸੀਲਦਾਰ ਅਤੇ ਹੋਰ ਅਫ਼ਸਰਾਂ ਦੇ ਦਫ਼ਤਰਾਂ ਵਾਲੀ ਇਮਾਰਤ ਨੂੰ ਲੋਕਾਂ ਨੂੰ ਸਮਰਪਿਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਅਹਿਮ ਪ੍ਰਾਜੈਕਟ ਦਾ ਨੀਂਹ ਪੱਥਰ ਜਨਵਰੀ 2023 ਵਿੱਚ ਰੱਖਿਆ ਗਿਆ ਸੀ ਅਤੇ ਇਸ ਨੂੰ ਰਿਕਾਰਡ ਸਮੇਂ ਵਿੱਚ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਲੋਕਾਂ ਨੂੰ ਸਮਾਂਬੱਧ ਢੰਗ ਨਾਲ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰ ਕੇ ਬਹੁਤ ਲਾਭ ਪਹੁੰਚਾਏਗਾ ਅਤੇ ਨਾਲ ਹੀ ਇਹ ਲੋਕਾਂ ਨੂੰ ਆਪਣੇ ਨੇੜੇ ਪ੍ਰਸ਼ਾਸਕੀ ਸੇਵਾਵਾਂ ਹਾਸਲ ਕਰਨ ਦੀ ਸਹੂਲਤ ਦੇਵੇਗਾ, ਜਿਸ ਨਾਲ ਉਨ੍ਹਾਂ ਦਾ ਸਮਾਂ, ਪੈਸੇ ਅਤੇ ਊਰਜਾ ਬਚੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੂਧਨ ਸਾਧਾਂ ਮੁੱਖ ਤੌਰ 'ਤੇ ਇਕ ਪੇਂਡੂ ਖੇਤਰ ਹੈ ਅਤੇ ਪਹਿਲਾਂ ਐਸ.ਡੀ.ਐਮ. ਦਾ ਦਫ਼ਤਰ ਮਿੰਨੀ ਸਕੱਤਰੇਤ ਪਟਿਆਲਾ ਵਿੱਚ ਸਥਿਤ ਸੀ, ਜਿਸ ਕਾਰਨ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਪ੍ਰਸ਼ਾਸਕੀ ਕੰਮ ਕਰਵਾਉਣ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਆਮ ਲੋਕਾਂ ਦੀ ਸਹੂਲਤ ਲਈ ਸੂਬਾ ਸਰਕਾਰ ਨੇ ਇਹ ਕੰਪਲੈਕਸ ਇੱਥੇ ਹੀ ਬਣਾਉਣ ਦਾ ਫੈਸਲਾ ਕੀਤਾ।



ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਤਸੱਲੀ ਦੀ ਗੱਲ ਹੈ ਕਿ ਲੋਕਾਂ ਦੀ ਸਹੂਲਤ ਲਈ ਸੂਬੇ ਭਰ ਵਿੱਚ ਅਜਿਹੇ ਆਧੁਨਿਕ ਤਹਿਸੀਲ ਕੰਪਲੈਕਸ ਬਣਾਏ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਵਿਅੰਗ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਬਿਹਤਰ ਢੰਗ ਨਾਲ ਸੇਵਾ ਕਰਨ ਲਈ ਅਜਿਹੇ ਉਪਰਾਲਿਆਂ ਵੱਲ ਕਦੇ ਧਿਆਨ ਨਹੀਂ ਦਿੱਤਾ। ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਪਹਿਲਾਂ ਸੂਬੇ ਦੀ ਸੱਤਾ ਗਲਤ ਹੱਥਾਂ ਵਿੱਚ ਸੀ, ਜਿਸ ਕਾਰਨ ਸੂਬੇ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸਾਡੀ ਸਰਕਾਰ ਨੇ ਅਹੁਦਾ ਸੰਭਾਲਿਆ ਹੈ, ਉਦੋਂ ਤੋਂ ਸਰਕਾਰ ਨੇ ਜਨਤਕ ਮਹੱਤਵ ਵਾਲੇ ਅਜਿਹੇ ਕੰਮਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੀਆਂ ਇਮਾਰਤਾਂ ਲੋਕਾਂ ਦੀਆਂ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾ ਰਹੀਆਂ ਹਨ।

## ਨਾਜਾਇਜ਼ ਸਬੰਧਾਂ ਦੇ ਸ਼ੱਕ 'ਚ ਪਤੀ ਨੇ ਪਤਨੀ ਦੇ ਸਿਰ 'ਚ ਮਾਰਿਆ ਹਥੌੜਾ, ਮੌਕੇ 'ਤੇ ਮੌਤ, ਮੁਲਜ਼ਮ ਗ੍ਰਿਫ਼ਤਾਰ

**ਸਿਰਸਾ।** ਪਿਛਲੇ ਤਿੰਨ ਦਿਨਾਂ ਵਿੱਚ ਸਿਰਸਾ ਵਿੱਚ ਚਰਿੱਤਰ 'ਤੇ ਸ਼ੱਕ ਕਾਰਨ ਇਹ ਦੂਜੀ ਕਤਲ ਦੀ ਘਟਨਾ ਹੈ। ਤਿੰਨ ਦਿਨ ਪਹਿਲਾਂ ਪਿੰਡ ਰਾਮਪੁਰਾ ਢਿੱਲੋ ਵਿੱਚ ਪਤੀ ਨੇ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਕਾਰਨ ਉਸਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਸੀ। ਅੱਜ ਸਵੇਰੇ ਵੀ ਮੀਰਪੁਰ ਕਲੋਨੀ ਵਿੱਚ, ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਦੇ ਕਾਰਨ, ਪਤੀ ਨੇ ਆਪਣੀ ਪਤਨੀ ਦੇ ਸਿਰ 'ਤੇ ਹਥੌੜੇ ਨਾਲ ਵਾਰ ਕਰਕੇ ਉਸਦੀ ਹੱਤਿਆ ਕਰ ਦਿੱਤੀ। ਘਟਨਾ ਸਮੇਂ ਘਰ ਵਿੱਚ ਸਿਰਫ਼ ਪਤੀ-ਪਤਨੀ ਹੀ ਮੌਜੂਦ ਸਨ। ਜੋੜੇ ਦੇ ਦੋਵੇਂ ਬੱਚੇ ਹੰਜੀਰਾ ਵਿੱਚ ਆਪਣੀ ਮਾਸੀ ਦੇ ਘਰ ਗਏ ਹੋਏ ਸਨ। ਕਤਲ ਦੀ ਸੂਚਨਾ ਮਿਲਣ ਤੋਂ ਬਾਅਦ ਸਦਰ ਥਾਣਾ ਪੁਲਿਸ ਮੌਕੇ 'ਤੇ ਪਹੁੰਚ ਗਈ। ਪੰਚਨਾਮਾ ਦੀ ਕਾਰਵਾਈ ਤੋਂ ਬਾਅਦ, ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ



ਲਿਜਾਇਆ ਗਿਆ।

ਸਦਰ ਥਾਣਾ ਇੰਚਾਰਜ ਸੁਖਦੇਵ ਸਿੰਘ ਨੇ ਦੱਸਿਆ ਕਿ ਆਰਤੀ ਦਾ ਵਿਆਹ ਮੱਖਣ ਨਾਲ ਹੋਇਆ ਸੀ। ਮੱਖਣ ਨੂੰ ਸ਼ੱਕ ਸੀ ਕਿ ਉਸਦੀ ਪਤਨੀ ਆਰਤੀ ਦੇ ਕਿਸੇ ਨੌਜਵਾਨ ਨਾਲ ਨਾਜਾਇਜ਼ ਸਬੰਧ ਹਨ। ਇਸ ਕਾਰਨ ਐਤਵਾਰ ਰਾਤ ਨੂੰ ਦੋਵਾਂ ਵਿਚਕਾਰ ਝਗੜਾ ਹੋ ਗਿਆ। ਅੱਜ ਸਵੇਰੇ 5 ਵਜੇ ਵੀ ਪਤੀ-ਪਤਨੀ ਵਿਚਕਾਰ ਝਗੜਾ ਹੋਇਆ। ਗੁੱਸੇ ਵਿੱਚ ਆ ਕੇ, ਮੱਖਣ ਨੇ ਆਪਣੀ ਪਤਨੀ ਆਰਤੀ ਦੇ ਸਿਰ 'ਤੇ ਹਥੌੜੇ ਨਾਲ ਵਾਰ ਕਰ ਦਿੱਤਾ। ਆਰਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਮੁਲਜ਼ਮ ਮੱਖਣ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਉਸਨੇ ਦੱਸਿਆ ਕਿ ਉਸਦੀ ਪਤਨੀ ਆਰਤੀ ਦੇ ਇੱਕ ਨੌਜਵਾਨ ਨਾਲ ਨਾਜਾਇਜ਼ ਸਬੰਧ ਸਨ। ਇਸ ਗੱਲ ਨੂੰ ਲੈ ਕੇ ਅਕਸਰ ਲੜਾਈ ਹੁੰਦੀ ਰਹਿੰਦੀ ਸੀ। ਸਦਰ ਥਾਣਾ ਇੰਚਾਰਜ ਨੇ ਦੱਸਿਆ ਕਿ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਘਟਨਾ ਵਿੱਚ ਵਰਤਿਆ ਗਿਆ ਹਥੌੜਾ ਵੀ ਜਲਦੀ ਹੀ ਬਰਾਮਦ ਕਰ ਲਿਆ ਜਾਵੇਗਾ।

## ਪੇਜ਼ ਇੱਕ ਦਾ ਬਾਕੀ

ਤਹਿਸੀਲਾਂ ਨੂੰ ...

ਕੈਂਸਰ ਦੀ ਘਾਤਕ ਬਿਮਾਰੀ ਨਾਲ ਤੁਲਨਾ ਕਰਦੇ ਹੋਏ ਕਿਹਾ ਕਿ ਕੀਮੋਥੈਰੇਪੀ (ਸਖ਼ਤ ਕਾਰਵਾਈ) ਹੀ ਇਸ ਦਾ ਇਕੋ-ਇਕ ਇਲਾਜ ਹੋ ਸਕਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸੂਬਾ ਸਰਕਾਰ ਨੇ ਜ਼ਮੀਨੀ ਡੀਡਾਂ ਦੀ ਰਜਿਸਟ੍ਰੇਸ਼ਨ ਸੁਖਾਲੀ ਕਰ ਦਿੱਤੀ ਹੈ, ਜੋ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਦੀ ਹੈ, ਪ੍ਰਾਈਵੇਟ ਵਸੀਕਾ ਨਵੀਸਾਂ 'ਤੇ ਨਿਰਭਰਤਾ ਘਟਾਉਂਦੀ ਹੈ ਅਤੇ ਨਾਗਰਿਕਾਂ ਨੂੰ ਆਪਣੇ ਲੈਣ-ਦੇਣ ਨੂੰ ਆਪਣੇ ਪੱਧਰ ਉਤੇ ਕਰਨ ਦਾ ਅਧਿਕਾਰ ਦਿੰਦੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਾਂ ਨੂੰ ਹੁਣ ਭੁਗਤਾਨ ਲਈ ਬੈਂਕਾਂ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਆਨਲਾਈਨ ਏਕੀਕ੍ਰਿਤ ਭੁਗਤਾਨ ਪ੍ਰਣਾਲੀ ਸਾਰੀਆਂ ਲੋੜੀਂਦੀਆਂ ਫੀਸਾਂ ਜਿਵੇਂ ਕਿ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸਾਂ ਇਕ ਸਿੰਗਲ ਡਿਜੀਟਲ ਲੈਣ-ਦੇਣ ਵਿੱਚ ਅਦਾ ਕਰਨ ਦੀ ਆਗਿਆ ਦਿੰਦੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਪ੍ਰਣਾਲੀ ਡਿਮਾਂਡ ਡਰਾਫ਼ਟ ਜਾਂ ਨਕਦੀ ਪ੍ਰਬੰਧਨ ਦੀ ਜ਼ਰੂਰਤ ਨੂੰ ਖ਼ਤਮ ਕਰਦੀ ਹੋਈ ਸੁਰੱਖਿਆ ਚਿੰਤਾਵਾਂ ਨੂੰ ਦੂਰ ਕਰਦੀ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਨਤੀਜਾ ਹੈ, ਜਿਸ ਕਾਰਨ ਉਨ੍ਹਾਂ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਠੋਸ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣਾ ਕਾਰਜਭਾਰ ਸੰਭਾਲਣ ਤੋਂ ਬਾਅਦ ਪਹਿਲੇ ਦਿਨ ਤੋਂ ਹੀ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟਾਲਰੈਂਸ' ਨੀਤੀ ਅਪਣਾਈ ਹੈ। ਇਸ ਨੇਕ ਕਾਰਜ ਲਈ ਪੰਜਾਬੀਆਂ ਤੋਂ ਪੂਰਨ ਸਹਿਯੋਗ ਅਤੇ ਦਿਲੋਂ ਸਮਰਥਨ ਦੀ ਮੰਗ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਮੁਹਿੰਮ ਨੂੰ ਸਫ਼ਲ ਬਣਾਉਣਾ ਬਹੁਤ ਜ਼ਰੂਰੀ ਹੈ।

ਪਟਿਆਲਾ ਦੇ ਸ਼ਾਹੀ ਪਰਿਵਾਰ ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਟਿਆਲਾ ਦੇ ਆਲੇ-ਦੁਆਲੇ ਦਾ ਇਲਾਕਾ ਪੁਰਾਣੇ ਸੱਤਾਧਾਰੀਆਂ ਦੇ ਸੌੜੇ ਹਿੱਤਾਂ ਅਤੇ ਲਾਲਚ ਕਾਰਨ ਵਿਕਾਸ ਪੱਖੋਂ ਪਛੜ ਗਿਆ ਹੈ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਬੈਠੇ ਲੋਕਾਂ ਨੇ ਸ਼ਹਿਰ ਦੀ ਬਦਹਾਲੀ ਦੀ ਕੀਮਤ ਉੱਤੇ ਆਪਣੇ ਮਹਿਲ ਉਸਾਰੇ। ਉਨ੍ਹਾਂ ਕਿਹਾ ਕਿ ਇਹ ਹਾਸੋਹੀਣਾ ਹੈ ਕਿ ਸੱਤਾ ਵਿੱਚ ਬੈਠੇ 'ਮਹਾਰਾਜਾ ਸ਼ਹਿਰ ਦੇ ਵਿਕਾਸ ਨਾਲੋਂ ਆਪਣੇ ਵਿਕਾਸ ਬਾਰੇ ਜ਼ਿਆਦਾ ਚਿੰਤਤ ਸਨ। ਭਗਵੰਤ ਮਾਨ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਪਟਿਆਲਾ ਤੋਂ ਆਏ ਪੰਜਾਬ ਦੇ ਸ਼ਾਸਕ ਸ਼ਹਿਰ ਦੇ ਵਿਕਾਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰਦੇ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਤੋਂ ਖਾਰ ਖਾਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਆਮ ਘਰਾਂ ਤੋਂ ਉੱਠ ਕੇ ਕੋਈ ਵਿਅਕਤੀ ਸੂਬੇ ਦੀ ਸੱਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਦਾ ਰਵਾਇਤੀ ਸਿਆਸੀ ਪਾਰਟੀਆਂ ਦੇ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਰੁਖ਼ ਕਾਰਨ ਉਨ੍ਹਾਂ ਤੋਂ ਵਿਸ਼ਵਾਸ ਉੱਠ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸਿਆਣੇ ਅਤੇ ਬਹਾਦਰ ਲੋਕਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਇਆ ਸੀ ਅਤੇ 'ਆਪ' ਨੂੰ ਭਾਰੀ ਬਹੁਮਤ ਦਿੱਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਵਿਕਾਸ ਨਵੀਆਂ ਬੁਲੰਦੀਆ ਛੂਹ ਰਿਹਾ ਹੈ ਕਿਉਂਕਿ ਸੂਬੇ ਦੇ ਲੋਕਾਂ ਨੇ ਇਕ ਇਮਾਨਦਾਰ ਸਰਕਾਰ ਚੁਣੀ ਹੈ, ਜੋ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਹਿਲਾਂ ਭ੍ਰਿਸ਼ਟ ਅਤੇ ਮੌਕਾਪ੍ਰਸਤ ਆਗੂਆਂ ਨੂੰ ਚੁਣਨਾ ਪੈਂਦਾ ਸੀ, ਜੋ ਉਨ੍ਹਾਂ ਦਾ ਇੱਕੋ-ਇਕ ਵਿਕਲਪ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੇ ਆਮ ਲੋਕਾਂ ਲਈ ਨਾਗਰਿਕ ਕੇਂਦਰਿਤ ਸੇਵਾਵਾਂ ਦੀ ਸੁਚਾਰੂ ਅਤੇ ਨਿਰਵਿਘਨ ਡਿਲੀਵਰੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਅਕਾਲੀ ਆਗੂਆਂ ਨੇ ਪੈਸੇ ਦੇ ਲਾਲਚ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਸਿਰਫ਼ 'ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ' ਬਣਾ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇਣ ਲਈ ਆਪਣੀ ਸਿਆਸੀ ਸ਼ਕਤੀ ਦੀ ਦੁਰਵਰਤੋਂ ਕੀਤੀ, ਜਿਸ ਵਿੱਚ ਆਪਣੇ ਨਿੱਜੀ ਹਿੱਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਨਿਯੁਕਤੀ ਵਿੱਚ ਹੇਰਾਫੇਰੀ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਵਿੱਤੀ ਲਾਲਚ ਕਾਰਨ ਅਕਾਲੀਆਂ ਨੇ ਐਸ.ਜੀ.ਪੀ.ਸੀ. ਦੀ ਪਵਿੱਤਰਤਾ ਨੂੰ ਢਾਹ ਲਗਾਈ ਹੈ ਅਤੇ ਸੌੜੇ ਸਿਆਸੀ ਹਿੱਤਾਂ ਲਈ ਐਸ.ਜੀ.ਪੀ.ਸੀ. ਦੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੋਵਾਂ ਦੀ ਦੁਰਵਰਤੋਂ ਕੀਤੀ ਹੈ।

ਮੁੱਖ ਮੰਤਰੀ ਨੇ ਔਰਤਾਂ ਨੂੰ ਅੱਗੇ ਆ ਕੇ ਸਿਆਸਤ ਵਿੱਚ ਹਿੱਸਾ ਲੈਣ ਲਈ ਕਿਹਾ ਤਾਂ ਜੋ ਉਹ ਫੈਸਲਾ ਲੈਣ ਤੇ ਨੀਤੀਆਂ ਘੜਨ ਵਿੱਚ ਸਰਗਰਮ ਭਾਈਵਾਲ ਬਣ ਸਕਣ ਅਤੇ ਸਮਾਜ ਵਿੱਚ ਅਤਿ ਲੋੜੀਂਦਾ ਬਦਲਾਅ ਲਿਆ ਸਕਣ। ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਲੜਕੀਆਂ ਹਰ ਖੇਤਰ ਵਿੱਚ ਲੜਕਿਆਂ ਨਾਲੋਂ ਅੱਗੇ ਹਨ ਪਰ ਸਿਆਸਤ ਵਿੱਚ ਅਜੇ ਵੀ ਉਨ੍ਹਾਂ ਨੇ ਨਾਮਣਾ ਨਹੀਂ ਖੱਟਿਆ। ਉਨ੍ਹਾਂ ਕਿਹਾ ਕਿ ਸਿਆਸੀ ਖੇਤਰ ਨੂੰ ਪਹਿਲਾਂ ਮਰਦਾਂ ਦੀ ਜਗੀਰ ਮੰਨਿਆ ਜਾਂਦਾ ਸੀ ਪਰ ਹੁਣ ਸਮਾਂ ਆ ਗਿਆ ਹੈ ਜਦੋਂ ਔਰਤਾਂ ਨੂੰ ਇਸ ਖੇਤਰ ਵਿੱਚ ਵੀ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਅਤੇ ਸਮਾਜ ਅਤੇ ਸੂਬੇ ਦੇ ਵਡੇਰੇ ਹਿੱਤ ਲਈ ਇਸ ਖੇਤਰ ਵਿੱਚ ਔਰਤਾਂ ਦੀ ਭਾਈਵਾਲੀ ਬਹੁਤ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ 54000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਨੌਕਰੀਆਂ ਬਿਨਾਂ ਕਿਸੇ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਤੋਂ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣ ਰਹੇ ਹਨ।

ਇਸ ਤੋਂ ਪਹਿਲਾਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਮੁੱਖ ਮੰਤਰੀ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਸਮਾਗਮ ਦੌਰਾਨ ਮਾਲ ਤੇ ਪੁਨਰਵਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ, ਸਿਮਰਜੀਤ ਕੌਰ ਪਠਾਣਮਾਜਰਾ, ਚੇਤਨ ਸਿੰਘ ਜੌੜਾਮਾਜਰਾ, ਗੁਰਦੇਵ ਸਿੰਘ ਦੇਵ ਮਾਨ, ਗੁਰਲਾਲ ਘਨੌਰ ਅਤੇ ਕੁਲਵੰਤ ਸਿੰਘ ਬਾਜੀਗਰ ਸਮੇਤ ਵੱਡੀ ਗਿਣਤੀ ਵਿੱਚ ਹਲਕੇ ਦੇ ਨਿਵਾਸੀਆਂ ਨੇ ਲਾਮਿਸਾਲ ਸ਼ਮੂਲੀਅਤ ਕੀਤੀ।

ਭਗਵੰਤ ਮਾਨ ...

ਆਪਣੀਆਂ ਸ਼ਰਤਾਂ 'ਤੇ ਪੂਰੀ ਵਚਨਬੱਧਤਾ ਨਾਲ ਕਾਰੋਬਾਰ ਲਈ ਖੁੱਲ੍ਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫਾਸਟਟਰੈਕ ਪੰਜਾਬ ਪੋਰਟਲ ਇਕ ਤਕਨੀਕੀ ਅਪਗ੍ਰੇਡ ਤੋਂ ਵਧ ਕੇ ਨਵੇਂ ਸਿਰੇ ਤੋਂ ਵਿਉਂਤੇ ਉਦਯੋਗਿਕ ਸ਼ਾਸਨ ਮਾਡਲ ਦੀ ਰੀੜ੍ਹ ਦੀ ਹੱਡੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਿਵੇਕ ਨੂੰ ਅਨੁਸ਼ਾਸਨ, ਦੇਰੀ ਨੂੰ ਡਿਜੀਟਲ ਅਤੇ ਉਲਝਣ ਨੂੰ ਸਪੱਸ਼ਟਤਾ ਵਿੱਚ ਤਬਦੀਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ 45 ਦਿਨਾਂ ਵਿੱਚ ਪ੍ਰਵਾਨਗੀਆਂ ਪ੍ਰਾਪਤ ਕਰਨ ਤੋਂ ਲੈ ਕੇ ਲਾਲ ਫੀਤਾਸ਼ਾਹੀ ਨੂੰ ਖ਼ਤਮ ਕਰਨ ਤੱਕ ਪੰਜਾਬ ਦਾ ਸਿਸਟਮ ਹੁਣ ਪਹਿਲਾਂ ਵਾਂਗ ਸਧਾਰਨਨਹੀਂ ਹੈ, ਸਗੋਂ ਇਹ ਕਿਰਿਆਸ਼ੀਲ, ਸਟੀਕ ਅਤੇ ਪੇਸ਼ੇਵਰ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦਯੋਗਪਤੀ ਇਕ ਸਟਾਰਟਅੱਪ ਸੰਸਥਾਪਕ ਹਨ, ਇਕ ਗਲੋਬਲ ਸਮੂਹ ਜਾਂ ਉੱਦਮੀ ਹਨ, ਪੰਜਾਬ ਜਿੱਥੇ ਆਪਣੀਆਂ ਵਿੱਤੀ ਰਿਆਇਤਾਂ ਨਾਲ ਉਨ੍ਹਾਂ ਦਾ ਸਵਾਗਤ ਕਰਦਾ ਹੈ, ਸਗੋਂ ਇਮਾਨਦਾਰੀ ਅਤੇ ਇਰਾਦੇ ਨਾਲ ਜੀ ਆਇਆ ਕਹਿੰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਸੁਧਾਰ, ਚਾਹੇ ਉਹ ਯੂਨੀਫਾਈਡ ਰੈਗੂਲੇਟਰ ਹੋਵੇ, ਯੂਨੀਫਾਈਡ ਪੋਰਟਲ ਹੋਵੇ, ਡੀਮਡ ਅਪਰੂਵਲ ਹੋਵੇ, ਸਿਧਾਂਤਕ ਪ੍ਰਵਾਨਗੀਆਂ ਹੋਣ ਜਾਂ ਮਜ਼ਬੂਤ ਨਿਗਰਾਨੀ ਦਾ ਪ੍ਰੋਟੋਕੋਲ ਹੋਵੇ, ਇਨ੍ਹਾਂ ਸੁਧਾਰਾਂ ਦਾ ਮਕਸਦ ਉਦਯੋਗਪਤੀਆਂ ਦਾ ਭਰੋਸਾ ਹਾਸਲ ਕਰਨਾ ਅਤੇ ਤੁਹਾਡੇ ਕਾਰੋਬਾਰੀ ਸਫਰ ਵਿੱਚ ਹਰ ਪਾਸਿਓਂ ਸਹਿਯੋਗ ਕਰਨਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਅਧਿਕਾਰੀ ਹੁਣ ਸਿਰਫ਼ ਰੈਗੂਲੇਟਰ ਨਹੀਂ ਹਨ ਸਗੋਂ ਉਹ ਸਹਾਇਕ ਵਜੋਂ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਵਿਵਸਥਾ ਨੂੰ ਹੋਰ ਤੇਜ਼ ਕਰਨ ਦੀ ਵਿਧੀ ਇਹ ਯਕੀਨੀ ਬਣਾਉਂਦੀ ਹੈ ਕਿ ਜਦੋਂ ਸ਼ਾਂਤੀ ਬਣੀ ਹੋਵੇ ਤਾਂ ਸਮਝੋ ਕੰਮ ਠੀਕ ਚੱਲ ਰਿਹਾ ਹੈ। ਇਸ ਕਰਕੇ ਕਿਸੇ ਵੀ ਨਿਵੇਸ਼ਕ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਉਸ ਦੀ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਨਵੇਂ ਪ੍ਰਾਜੈਕਟਾਂ ਲਈ ਅਪਲਾਈ ਕਰਨ ਦੀ ਪਾਲਣਾ ਨੂੰ ਚੁਸਤ-ਫੁਰਤ ਬਣਾਉਣਾ, ਸਵੈ-ਘੋਸ਼ਣਾ ਰਾਹੀਂ ਸਮਰੱਥ ਬਣਾਉਣਾ, ਡਿਜੀਟਲ ਪੜਤਾਲ ਰਾਹੀਂ ਯੋਗ ਬਣਾਉਣਾ ਅਤੇ ਕਾਨੂੰਨੀ ਤੌਰ ਉਤੇ ਪੁਖਤਾ ਬਣਾਇਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੰਨਣਾ ਹੈ ਕਿ ਉਦਯੋਗ ਮਹਿਜ਼ ਕਾਗਜ਼ੀ ਕਾਰਵਾਈਆਂ 'ਤੇ ਨਹੀਂ ਚਲਦੇ, ਸਗੋਂ ਉਹ ਸੜਕਾਂ, ਬਿਜਲੀ, ਲੋਕਾਂ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਨਾਲ ਵਧਦੇ-ਫੁੱਲਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਉਦਯੋਗਿਕ ਪਾਰਕਾਂ ਵਿੱਚ ਨਿਵੇਸ਼ ਕਰ ਰਹੀ ਹੈ, ਜ਼ਮੀਨ ਦੀ ਸੰਭਾਵਨਾ ਤਲਾਸ਼ ਰਹੀ ਹੈ, ਲੀਜ਼-ਟੂ-ਫ ?ਰੀਹੋਲਡ ਨੀਤੀ ਨੂੰ ਸਮਰੱਥ ਬਣਾ ਰਹੀ ਹੈ ਅਤੇ ਉਦਯੋਗਿਕ ਸੰਪਤੀਆਂ ਦੇ ਮੁਦਰੀਕਰਨ ਲਈ ਨਵੇਂ ਮੌਕੇ ਪੈਦਾ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 200 ਕਰੋੜ ਰੁਪਏ ਦਾ ਬੁਨਿਆਦੀ ਢਾਂਚਾ ਫੰਡ ਸਥਾਪਤ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਦਯੋਗਿਕ ਫੋਕਲ ਪੁਆਇੰਟਾਂ ਅੰਦਰ ਕਿਸੇ ਕਿਸਮ ਦੀਆਂ ਕਮੀਆਂ-ਪੇਸ਼ੀਆਂ ਉਦਯੋਗਪਤੀਆਂ ਨੂੰ ਆਪਣਾ ਕਾਰੋਬਾਰ ਵਧਾਉਣ ਵਿੱਚ ਰੁਕਾਵਟ ਨਾ ਬਣਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਤਿਮਾਹੀ ਵਿੱਚ ਪਿਛਲੇ ਦੋ ਸਾਲਾਂ ਦੇ ਮੁਕਾਬਲੇ ਰਿਆਇਤਾਂ ਦੀ ਵੰਡ ਪਹਿਲਾਂ ਹੀ ਜ਼ਿਆਦਾ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਨਵਾਂ ਪੰਜਾਬ ਹੈ ਜਿੱਥੇ ਸਿਰਫ ਵਾਅਦੇ ਕੀਤੇ ਨਹੀਂ ਜਾਂਦੇ, ਸਗੋਂ 100 ਫੀਸਦੀ ਪੂਰੇ ਕੀਤੇ ਜਾਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੇੜਲੇ ਭਵਿੱਖ ਵਿੱਚ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉੱਭਰੇਗਾ। ਪੰਜਾਬ ਅਜਿਹਾ ਸੂਬਾ ਹੋਵੇਗਾ ਜਿੱਥੇ ਉਦਯੋਗਿਕ ਨੀਤੀ, ਬੁਨਿਆਦੀ ਢਾਂਚੇ ਅਤੇ ਜਵਾਬਦੇਹੀ ਵਾਲੀ ਸਰਕਾਰ ਰਾਹੀਂ ਹਰ ਪਾਸਿਓਂ ਸਮਰੱਥ ਸੂਬਾ ਹੋਵੇਗਾ।

ਸਿੱਧ ...

ਨਾਲ ਗਾਇਕ ਹਰਦੀਪ ਸਿੰਘ, ਗੁਰਕਿਰਪਾਲ ਸੂਰਾਪੁਰੀ, ਜੈਲੀ, ਸੁਰਜੀਤ ਖਾਨ, ਬਿਲ ਸਿੰਘ, ਅਮਰ ਨੂਰੀ, ਦਰਸ਼ਨ ਔਲਖ, ਭੁਪਿੰਦਰ ਬੱਬਲ, ਅਮਰਜੀਤ ਸਿੰਘ ਨਾਰਾਇਣ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੇ ਦੁੱਖ ਸਾਂਝਾ ਕੀਤਾ। ਗੁਰਪੰਥ ਦਾ ਅੰਤਿਮ ਸੰਸਕਾਰ 10 ਜੂਨ ਦਿਨ ਮੰਗਲਵਾਰ ਨੂੰ 10:30 ਵਜੇ ਚੰਡੀਗੜ੍ਹ ਦੇ ਸੈਕਟਰ 25 ਸ਼ਮਸ਼ਾਨ ਘਾਟ ਵਿੱਚ ਕੀਤਾ ਜਾਵੇਗਾ

14 ਦਿਨ ...

ਗਿਆ ਸੀ, ਪਰ ਉਸਨੇ ਮੀਡੀਆ ਨਾਲ ਗੱਲ ਨਹੀਂ ਕੀਤੀ। ਜਦੋਂ ਕਿ ਪਿਛਲੀ ਵਾਰ ਸੁਣਵਾਈ ਦੌਰਾਨ ਉਸ ਨੇ ਜਿੱਤ ਦਾ ਨਿਸ਼ਾਨ ਬਣਾਇਆ ਸੀ।

ਹਰਿਆਣਾ ਪੁਲਿਸ ਕਰ ਸਕਦੀ ਹੈ ਪੁੱਛਗਿੱਛ

ਪੰਜਾਬ ਪੁਲਿਸ ਦਾ ਇਲਜ਼ਾਮ ਹੈ ਕਿ ਜਸਬੀਰ ਭਾਰਤੀ ਫੌਜੀ ਠਿਕਾਣਿਆਂ ਬਾਰੇ ਜਾਣਕਾਰੀ ਪਾਕਿਸਤਾਨ ਨੂੰ ਭੇਜਦਾ ਸੀ। ਪੁਲਿਸ ਨੂੰ ਉਸ ਦੇ ਮੋਬਾਈਲ ਵਿੱਚੋਂ 150 ਤੋਂ ਵੱਧ ਫੌਜੀ ਅਧਿਕਾਰੀਆਂ, ਸੰਸਥਾਵਾਂ ਤੇ ਲੋਕਾਂ ਦੇ ਨੰਬਰ ਮਿਲੇ ਹਨ। ਇਸ ਤੋਂ ਇਲਾਵਾ, ਸੂਤਰਾਂ ਅਨੁਸਾਰ ਉਸ ਦੇ ਲੈਪਟਾਪ ਤੇ ਮੋਬਾਈਲ ਤੋਂ ਕੁਝ ਐਪਲੀਕੇਸ਼ਨਾਂ ਅਤੇ ਬਲੌਗ ਵੀ ਡਿਲੀਟ ਕਰ ਦਿੱਤੇ ਗਏ ਸਨ।

ਗੋਲਡੀ ਤੇ ਲਾਰੈਂਸ ਦੇ ਰਸਤੇ ਹੋਏ ਵੱਖ-ਵੱਖ, ਕਿਉਂ ਹੋਇਆ ਦੋਨਾਂ ਵਿਚਾਲੇ ਵਿਵਾਦ

ਇਹ ਸਭ ਕੁਝ ਜੋਤੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੋਇਆ। ਇਸ ਦੇ ਨਾਲ ਹੀ ਇਹ ਮੰਨਿਆ ਜਾ ਰਿਹਾ ਹੈ ਕਿ ਹੁਣ ਹਰਿਆਣਾ ਪੁਲਿਸ ਉਸ ਨੂੰ ਰਿਮਾਂਡ 'ਤੇ ਲਵੇਗੀ। ਹਰਿਆਣਾ ਪੁਲਿਸ ਪਹਿਲਾਂ ਹੀ ਉਸ ਤੋਂ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਹੀ ਸੀ। ਉਸ ਨੂੰ 6 ਜੂਨ ਨੂੰ ਵੀ ਸੰਮਨ ਭੇਜਿਆ ਗਿਆ ਸੀ, ਪਰ ਇਸ ਤੋਂ ਪਹਿਲਾਂ ਹੀ ਪੰਜਾਬ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ।

ਮੁੰਬਈ ....

ਕੀ ਰੇਲਗੱਡੀ ਦੇ ਡੱਬੇ ਵਿੱਚ ਬਹੁਤ ਜ਼ਿਆਦਾ ਭੀੜ ਸੀ ? ਇਸ ਵੇਲੇ, ਪ੍ਰਸ਼ਾਸਨ ਅਤੇ ਰੇਲਵੇ ਮੰਤਰਾਲਾ ਯਾਤਰੀਆਂ ਨੂੰ ਸੁਰੱਖਿਆ, ਸਹੂਲਤ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਤਾਕਤ ਨਾਲ ਕੰਮ ਕਰ ਰਿਹਾ ਹੈ। ਜੇਕਰ ਕੋਈ ਪ੍ਰਸ਼ਾਸਕੀ ਗਲਤੀ ਹੈ, ਤਾਂ ਇਸਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ ਅਤੇ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪੰਜਾਬ ਸਰਕਾਰ ...

'ਚ ਸ਼ਾਮਲ ਸੀ। ਪੁਲਿਸ ਨੇ ਇਸ ਸਬੰਧ 'ਚ ਪਹਿਲਾਂ ਹੀ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਸੀ। ਜਦੋਂ ਕਿ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਬਾਅਦ 'ਚ ਜੋੜ ਦਿੱਤੀ ਗਈ ਸੀ। ਹੁਣ ਤੱਕ ਕੁੱਲ 19 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

# ਪੰਜਾਬ ਨਾਟਸ਼ਾਲਾ ਵਿੱਚ ਕਮੇਡੀ ਨਾਟਕ 'ਤਮਾਸ਼ਾ' ਦਾ ਕੀਤਾ ਗਿਆ ਆਯੋਜਨ

## ਨਾਟਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ - ਸਾਜਨ ਕਪੂਰ



**ਅੰਮ੍ਰਿਤਸਰ**

ਸਥਾਨਕ ਪੰਜਾਬ ਨਾਟਸ਼ਾਲਾ ਵਿਖੇ ਯੰਗ ਮਲੰਗ ਥਿਏਟਰ ਵੱਲੋਂ ਕਾਮੇਡੀ ਨਾਟਕ 'ਤਮਾਸ਼ਾ-ਦਾ ਸੁਪਰ ਮਾਰਕੀਟ' ਡਾਇਰੈਕਟਰ ਅਤੇ ਪੰਜਾਬ ਦੇ ਉਘੇ ਥਿਏਟਰ ਅਤੇ ਫਿਲਮੀ ਕਲਾਕਾਰ ਸਾਜਨ ਕਪੂਰ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ।ਇਸ ਨਾਟਕ ਦੇ ਲੇਖਕ ਪੰਜਾਬ ਦੇ ਨਾਮਵਰ ਲੇਖਕ ਦਵਿੰਦਰ ਗਿੱਲ ਮੋਗਾ ਹਨ ਨਾਟਕ ਦੀ ਕਹਾਣੀ ਅੱਜ ਦੇ ਪਦਾਰਥਵਾਦੀ ਯੁੱਗ ਦੇ ਆਲੇ ਦੁਆਲੇ ਘੁੰਮਦੀ ਹੈ ਇਹ ਮੀਡਿਆ ਖਾਸ ਕਰਕੇ ਟੀ.ਵੀ ਸ਼ੋਅ 'ਤੇ ਇਕ ਵਿਅੰਗ ਹੈ ਜਿਹੜੇ ਰਿਅਲਟੀ ਸ਼ੋਅ ਰਾਹੀਂ ਤੁਰੰਤ ਪ੍ਰਸਿੱਧ ਹੋਣ ਦਾ ਭਰੋਸਾ ਦਿੰਦੇ ਹਨ ਅਤੇ ਜਿਹੜੇ ਲੋਕ ਪੈਸੇ ਅਤੇ ਪ੍ਰਸਿੱਧੀ ਦੀ ਅਪਣੀ ਭੁੱਖ ਨੂੰ ਸ਼ਾਂਤ ਕਰਨ ਦੇ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।ਨਾਟਕ ਵਿੱਚ ਉਘੇ ਕਲਾਕਾਰ ਸਾਜਨ ਕਪੂਰ, ਰਾਕੇਸ਼ ਕੁਮਾਰ,ਵਿਸ਼ਾਲ ਸ਼ਰਮਾ, ਆਸਮਨ, ਮਹਿਤਾਬ ਸਿੰਘ,ਵਰੁਣ ਮਲਹੋਤਰਾ,ਮਾਨਸ਼ੀ,ਗੁਰਲੀਨ ਕੌਰ,ਰੌਮੀ, ਵਿਵਿਧ,ਹੀਰਾਨੰਦ ਆਦਿ ਕਲਾਕਾਰਾਂ ਨੇ ਅਪਣੀ ਕਲ੍ਹਾ ਦਾ ਪ੍ਰਦਰਸ਼ਨ ਕਰਕੇ ਆਏ ਲੋਕਾਂ ਦਾ ਦਿਲ ਜਿੱਤ ਲਿਆ।ਇਸ ਮੌਕੇ ਨਾਟਕ ਦੇ ਡਾਇਰੈਕਟਰ ਸਾਜਨ ਕਪੂਰ ਨੇ ਕਿਹਾ ਕਿ ਯੰਗ ਮਲੰਗ ਥਿਏਟਰ ਵੈਲਫੇਅਰ ਸੋਸਾਇਟੀ ਵੱਲੋਂ ਜਿਥੇ ਅਪਣੇ ਨਾਟਕਾਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ ਉਥੇ ਹੀ ਲੋਕਾਂ ਨੂੰ ਸਮਾਜਿਕ ਬੁਰਾਇਆਂ ਅਤੇ ਹੋਰ ਕੁਰੀਤੀਆਂ ਵਿਰੁੱਧ ਵੀ ਜਾਗਰੂਕ ਹੋਣ ਦਾ ਹੌਕਾ ਦਿੱਤਾ ਜਾਂਦਾ ਹੈ।ਇਸ ਮੌਕੇ ਮਲਕੀਅਤ ਸਿੰਘ ਮੱਖਣ ਫਿਸ਼,ਡਾ.ਸੰਤੋਖ ਸਿੰਘ,ਮਿੰਟੀ ਆਹਲੂਵਾਲੀਆ ਗੋਇੰਦਵਾਲ ,ਸਹਿਜ ਆਹਲੂਵਾਲੀਆ, ਲਵਲੀਨ ਕੌਰ,ਜਸਵੰਤ ਕੌਰ ਆਦਿ ਹਾਜ਼ਰ ਸਨ।

# ਲੜਕੀਆਂ ਦੀ ਬਾਸਕਿਟਬਾਲ ਲੀਗ ਦੋਰਾਹਾ ਪਬਲਿਕ ਸਕੂਲ ਵਿਖੇ ਸਫਲਤਾ ਪੂਰਵਕ ਸੰਪੰਨ

## ↔ ਕੋਸਲਰ ਰਜਿੰਦਰ ਸਿੰਘ ਗਹੀਰ ਨੇ ਇਨਾਮਾ ↔ ਵੰਡੇ ਅਤੇ ਖਿਡਾਰੀਆਂ ਦੀ ਪ੍ਰਸ਼ੰਸਾ ਕੀਤੀ



**ਦੋਰਾਹਾ, ਲਾਲ ਸਿੰਘ ਮਾਂਗਟ**

ਦੋਰਾਹਾ ਪਬਲਿਕ ਸਕੂਲ ਵਿਖੇ ਦੋ ਰੋਜ਼ਾ 19 ਸਾਲ ਉਮਰ ਵਰਗ ਲੜਕੀਆਂ ਦੀ ਬਾਸਕਟਬਾਲ ਲੀਗ ਕਮ ਨਾਕ ਆਊਟ ਕਮ ਲੀਗ ਆਧਾਰਿਤ ਮੁਕਾਬਲੇ ਕਰਵਾਏ ਗਏ। ਲੀਗ ਦਾ ਉਦਘਾਟਨ ਮੈਨੇਜਮੈਂਟ ਮੈਂਬਰ ਅਮਰਜੀਤ ਸਿੰਘ ਨੇ ਕੀਤਾ। ਇਹਨਾਂ ਮੁਕਾਬਲਿਆਂ ਵਿੱਚੋਂ ਪਹਿਲਾ ਸਥਾਨ ਦੋਰਾਹਾ ਪਬਲਿਕ ਸਕੂਲ,ਦੂਜਾ ਸਥਾਨ ਹਾਈ ਹੁਪਸ ਅਕੈਡਮੀ ਅਤੇ ਤੀਜਾ ਸਥਾਨ ਸੈਕਰਡ ਹਾਰਟ ਸਕੂਲ ਬੀ.ਆਰ.ਐੱਸ. ਨਗਰ ਲੁਧਿਆਣਾ ਨੇ ਹਾਸਲ ਕੀਤਾ। ਇਨਾਮਾਂ ਦੀ ਵੰਡ ਕਰਦੇ ਹੋਏ ਦੋਰਾਹਾ ਦੇ ਐਮ.ਸੀ. ਰਜਿੰਦਰ ਸਿੰਘ ਨੇ ਖਿਡਾਰੀਆਂ ਦੇ ਜੋਸ਼ ਭਰੇ ਖੇਡ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਖਿਡਾਰੀਆਂ ਲਈ ਰਿਫਰੈਸ਼ਮੈਂਟ ਅਤੇ ਲੰਗਰ ਦੀ ਸੇਵਾ ਦੋਰਾਹਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਮਨਪ੍ਰੀਤ ਕੌਰ, ਦਿਵਜੋਤ ਕੌਰ ਕਲਸੀ, ਅਰਸ਼ਵੀਰ ਕਲਸ ਦੇ ਮਾਪਿਆਂ ਅਤੇ ਸ. ਮਨਵੀਰ ਸਿੰਘ ਡਾਇਰੈਕਟਰ ਓ.ਆਈ.ਸੀ ਗਲੋਬਲ ਅਤੇ ਐਜੂਕੇਸ਼ਨ ਦੋਰਾਹਾ ਵੱਲੋ ਨਿਭਾਈ ਗਈ । ਇਸ ਮੌਕੇ ਵੀਨੀਤ ਅਸਟ, ਲਖਵਿੰਦਰ ਸਿੰਘ ਲੱਖੀ, ਨਾਇਬ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਿਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਨੇ 37ਵੇਂ ਸਿਲਾਈ ਸੈਂਟਰ ਦੀ ਸਥਾਪਨਾ ਕੀਤੀ



**ਜ਼ੀਰਾ /ਅੰਗਰੇਜ਼ ਬਰਾੜ)**

ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਬ੍ਰਾਂਚ ਜ਼ੀਰਾ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ, ਸਤਿੰਦਰ ਸਚਦੇਵਾ ਸਟੇਟ ਕਨਵੀਨਰ ਦੀ ਯੋਗ ਅਗਵਾਈ ਹੇਠ ਅਤੇ ਨੀਤੂ ਸ਼ਰਮਾ ਕਨਵੀਨਰ ਮਹਿਲਾ ਵਿੰਗ ਨੇ ਰੈਨੂੰ ਵਿੱਜ ਦੇ ਉਧਮ ਸਦਕਾ ਬਾਬਾ ਪਿੱਪਲ ਵਾਲਾ ਵਾਰਡ ਨੰਬਰ 7 ਜ਼ੀਰਾ ਵਿਖੇ 37ਵੇਂ ਸਿਲਾਈ ਸੈਂਟਰ ਦੀ ਸਥਾਪਨਾ ਕੀਤੀ। ਇਸ ਮੌਕੇ ਕਰਵਾਏ ਗਏ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪ੍ਰਿੰਸ ਨਰੂਲਾ ਦੇ ਦਾਦਾ ਨਿਆਮਤ ਰਾਏ ਨਰੂਲਾ , ਮਾਂ ਹਰਜਿੰਦਰ ਕੌਰ ਨਰੂਲਾ ਅਤੇ ਅਨੁਰਾਗ ਨਰੂਲਾ ਵੱਲੋਂ ਰੀਬਨ ਕੱਟ ਕੇ ਉਦਘਾਟਨ ਕੀਤਾ ਗਿਆ।ਇਸ ਦੌਰਾਨ ਸੁਖਜੀਤ ਕੌਰ ਨੂੰ ਸਿਲਾਈ ਸੈਂਟਰ ਦੀ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਮੌਕੇ ਸਿਲਾਈ ਸੈਂਟਰ ਨੂੰ 11 ਹਜ਼ਾਰ ਰੁਪਏ ਦੀ ਨਰੂਲਾ ਪਰਿਵਾਰ ਵੱਲੋਂ ਮਾਇਕ ਸਹਾਇਤਾ ਦਿੱਤੀ ਗਈ। ਇਸ ਮੌਕੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਨੇ ਪ੍ਰਿੰਸ ਨਰੂਲਾ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਨਰੂਲਾ ਪਰਿਵਾਰ ਵੱਲੋਂ ਹਮੇਸ਼ਾ ਹੀ ਲੋੜਵੰਦ ਲੋਕਾਂ ਦੀ ਮਦਦ ਕਰਕੇ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਹਮੇਸ਼ਾ ਲੋੜਵੰਦ ਲੋਕਾਂ ਦੀ ਮਦਦ ਲਈ ਤਤਪਰ ਹੈ । ਇਸ ਮੌਕੇ ਸਮਾਗਮ ਵਿੱਚ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜ਼ੀਰਾ, ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ, ਨੀਤੂ ਸ਼ਰਮਾ ਕਨਵੀਨਰ ਮਹਿਲਾ ਵਿੰਗ ਬ੍ਰਾਂਚ ਜ਼ੀਰਾ ,ਚੇਅਰਮੈਨ ਮਹਿੰਦਰਪਾਲ, ਗੁਰਬਖਸ਼ ਵਿੱਜ ਕੈਸ਼ੀਅਰ, ਵਨੀਤਾ ਝਾਂਜੀ ਵਾਈਸ ਪ੍ਰਧਾਨ, ਵਿਪਨ ਸੇਠੀ ਜੁਆਇੰਟ ਸੈਕਟਰੀ, ਜੁਗਲ ਕਿਸ਼ੋਰ ਅਡਵਾਈਜ਼ਰ ,ਓਮ ਪ੍ਰਕਾਸ਼ ਪੁਰੀ ਅਡਵਾਈਜ਼ਰ , ਪੱਪੂ ਜੁਨੇਜਾ ਅਡਵਾਈਜ਼ਰ , ਰਜਿੰਦਰ ਰਿੰਪਾ ਵਿੱਜ ਪ੍ਰਧਾਨ ਬਾਬਾ ਪਿੱਪਲ ਵਾਲਾ ਸੇਵਾ ਸੁਸਾਇਟੀ, ਤਰਸੇਮ ਵਿੱਜ ਮੈਂਬਰ , ਸੁਭਾਸ਼ ਸ਼ਰਮਾ, ਦਲੀਪ ਦਾਸ, ਨੀਰੂ ਬਾਲਾ, ਰੈਨੂੰ ਵਿੱਜ, ਸੁਖਜੀਤ ਕੌਰ,ਉਸਾ ਰਾਣੀ, ਸੁਦੇਸ਼ ਵਿੱਜ,ਰਾਜ ਰਾਣੀ ਬੇਰੀ, ਸੁਖਦੇਵ ਕੌਰ ਵਿੱਜ, ਸੁਸ਼ਮਾ ਰਾਣੀ, ਨਮਰਤਾ, ਕ੍ਰਿਸ਼ਨਾ ਰਾਣੀ ਆਦਿ ਹਾਜ਼ਰ ਸਨ।

## ਦੁਆਬੇ ਦੀ ਮੁਟਿਆਰ ਜਸਪ੍ਰੀਤ ਕੌਰ ਸੰਘਾ ਦੀ ਸਟੇਟ ਐਵਾਰਡ ਲਈ ਹੋਈ ਚੋਣ



**ਜ਼ੀਰਾ / ਅੰਗਰੇਜ਼ ਬਰਾੜ**

ਸਬਰ ਦਾ ਪੱਲਾ ਫੜ ਜਦੋਂ ਇਨਸਾਨ ਸੰਘਰਸ਼ਾਂ ਦੇ ਰਾਹ ਤੇ ਚੱਲਦਾ ਹੈ ਤਾਂ ਉਸਦੀ ਮੰਜ਼ਿਲ ਇੱਕ ਨਾ ਇੱਕ ਦਿਨ ਉਸ ਨੂੰ ਜ਼ਰੂਰ ਮਿਲਦੀ ਹੈ। ਸਬਰ ਤੇ ਮਿਹਨਤ ਦਾ ਸੁਮੇਲ ਹੈ, ਦੁਆਬੇ ਦੀ ਸੋਹਣੀ ਸੁਨੱਖੀ ਮੁਟਿਆਰ ਲੇਖਿਕਾ ਜਸਪ੍ਰੀਤ ਕੌਰ ਸੰਘਾ, ਜਿਸ ਨੇ ਛੋਟੀ ਜਿਹੀ ਉਮਰ ਵਿੱਚ ਹੀ ਆਪਣੀ ਮਿਹਨਤ ਤੇ ਸਿਆਣਪ ਸਦਕਾ ਵੱਡੀਆਂ ਮੱਲਾਂ ਮਾਰੀਆਂ, ਪੰਜਾਬੀ ਸਾਹਿਤਕ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਆਪਣੀ ਕਲਮ ਰਾਹੀਂ ਲੰਬੇ ਸਮੇਂ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀ, ਇਸ ਮੁਟਿਆਰ ਨੂੰ ਭਾਰਤ ਸਰਕਾਰ ਵਲੋਂ ਪ੍ਰਮਾਣਿਤ ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਸਾਹਿਤਕ ਖੇਤਰ ਵਿੱਚ ਪਾਏ ਯੋਗਦਾਨ ਲਈ ਸਟੇਟ ਐਵਾਰਡ ਲਈ ਚੁਣਿਆ ਗਿਆ ਹੈ, ਜੋ ਕਿ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਜਸਪ੍ਰੀਤ ਦੀਆਂ ਰਚਨਾਵਾਂ ਪੰਜਾਬ ਹੀ ਨਹੀਂ ਸਗੋਂ ਵਿਦੇਸ਼ਾਂ ਦੀਆਂ ਨਾਮਵਰ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਵੀ ਛਪਦੀਆਂ ਰਹਿੰਦੀਆਂ ਹਨ। ਜਸਪ੍ਰੀਤ ਆਪਣੀ ਕਲਮ ਰਾਹੀਂ ਨੌਜਵਾਨ ਪੀੜ੍ਹੀ ਨੂੰ ਆਪਣੇ ਪੁਰਾਣੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਸਮਾਜਿਕ ਕੁਰੀਤੀਆਂ ਦੇ ਵਿਰੁੱਧ ਜਸਪ੍ਰੀਤ ਦੀ ਕਲਮ ਹਮੇਸ਼ਾ ਬੁਲੰਦ ਰਹੀ ਹੈ।ਜਸਪ੍ਰੀਤ ਇਸ ਸਮੇਂ 'ਹੱਕ ਸੱਚ ਦੀ ਆਵਾਜ਼' ਪੰਜਾਬੀ ਮੈਗਜ਼ੀਨ (ਦੁਬਈ) ਦੀ ਸਰਪ੍ਰਸਤ ਵੀ ਹੈ, ਜਿੱਥੇ ਉਹ ਨਵੀਆਂ ਕਲਮਾਂ ਨੂੰ ਮੌਕਾ ਦੇ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਜਸਪ੍ਰੀਤ ਕਰੋਨਾ ਕਾਲ ਦੌਰਾਨ ਲੋਕ ਨਾਇਕ ਐਵਾਰਡ, ਧੀ ਪੰਜਾਬ ਦੀ ਐਵਾਰਡ, ਚਮਕਦੇ ਸਿਤਾਰੇ ਐਵਾਰਡ ਨਾਲ ਸਨਮਾਨਿਤ ਹੋ ਚੁੱਕੀ ਹੈ।

# ਡਿਪਟੀ ਕਮਿਸ਼ਨਰ ਨੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਏਅਰਫੀਲਡ ਦੇ ਆਲੇ ਦੁਆਲੇ ਪੰਛੀਆਂ ਦੀ ਰੋਕਥਾਮ ਦੇ ਉਪਾਵਾਂ ਬਾਰੇ ਵੱਖ ਵੱਖ ਵਿਭਾਗਾਂ ਨਾਲ ਮੀਟਿੰਗ

## ਸਬੰਧਤ ਵਿਭਾਗਾਂ ਨੂੰ ਨਿਯਮਤ ਨਿਗਰਾਨੀ ਕਰਨ ਅਤੇ ਸਥਾਈ ਹੱਲ ਤੇਜ਼ੀ ਨਾਲ ਕਰਨ ਦੇ ਨਿਰਦੇਸ਼

**ਐਸ.ਏ.ਐਸ.ਨਗਰ/ਅਸ਼ੋਕ ਜੋਸ਼ੀ**

ਡਿਪਟੀ ਕਮਿਸ਼ਨਰ, ਕੋਮਲ ਮਿੱਤਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਆਲੇ-ਦੁਆਲੇ ਦੇ ਏਅਰਫੀਲਡ ਨੂੰ ਪੰਛੀਆਂ ਤੋਂ ਮੁਕਤ ਬਣਾਉਣ ਲਈ ਏਅਰਪੋਰਟ ਅਥਾਰਟੀਆਂ ਤੋਂ ਇਲਾਵਾ ਸਬੰਧਤ ਵਿਭਾਗਾਂ ਜਿਵੇਂ ਕਿ ਗਮਾਡਾ, ਨਗਰ ਨਿਗਮ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਨਾਲ ਮੀਟਿੰਗ ਕੀਤੀ ਗਈ।



ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਚੰਡੀਗੜ੍ਹ ਹਵਾਈ ਅੱਡੇ ਦੇ ਏਅਰਫੀਲਡ ਵਿੱਚ ਪੰਛੀਆਂ ਦੀ ਮੌਜੂਦਗੀ ਕਾਰਨ 'ਲੈਂਡਿੰਗ' ਅਤੇ 'ਟੇਕ ਆਫ' ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਕਈ ਰੋਕਥਾਮ ਉਪਾਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਫੌਰੀ ਤੌਰ ਤੇ ਸਬੰਧਤ ਵਿਭਾਗਾਂ ਦੀ ਸਹਾਇਤਾ ਨਾਲ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ।

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਨਮੋਲ ਸਿੰਘ ਧਾਲੀਵਾਲ ਨੇ ਕਿਹਾ ਕਿ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਇਹ ਲਿਆਂਦਾ ਹੈ ਕਿ ਮੀਟ ਦੀਆਂ ਦੁਕਾਨਾਂ 'ਤੇ ਆਸਾਨੀ ਨਾਲ ਉਪਲਬਧ ਕੱਚਾ ਮਾਸ ਤੇ ਹੋਰ ਰਹਿੰਦ-ਖੂਹੰਦ ਇਸ ਖੇਤਰ ਵਿੱਚ ਪੰਛੀਆਂ ਦੀ ਆਮਦ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ। ਇਸੇ ਤਰ੍ਹਾਂ ਕੰਬਾਲਾ, ਜਗਤਪੁਰ ਅਤੇ ਸੈਕਟਰ 74 ਦੇ ਆਸ-ਪਾਸ ਲੱਗੇ ਕੂੜੇ ਦੇ ਢੇਰਾਂ ਨੂੰ ਸ਼ਿਫਟ ਕਰਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਧਿਆਨ ਦੇਣ ਨੂੰ ਕਿਹਾ। ਸਬੰਧਤ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਇਸ ਕੰਮ ਸਬੰਧੀ ਕਾਰਵਾਈ ਚਲ ਰਹੀ ਹੈ ਅਤੇ ਜਲਦੀ ਹੀ ਮੁਕੰਮਲ ਹੋ ਜਾਵੇਗੀ। ਉਨ੍ਹਾਂ ਡਰੇਨਜ ਵਿਭਾਗ ਨੂੰ ਕੰਬਾਲਾ, ਜਗਤਪੁਰ ਦੀਆਂ ਡਰੇਨਾਂ ਦੀ ਸਫਾਈ ਦਾ ਕੰਮ ਜਲਦ ਪੂਰਾ ਕਰਨ ਦੀ ਹਦਾਇਤ ਕੀਤੀ ਗਈ।

ਇਸੇ ਤਰ੍ਹਾਂ ਨੇੜਲੇ ਮੈਰਿਜ ਪੈਲੇਸਾਂ/ਹੋਟਲਾਂ ਵੱਲੋਂ ਰਾਤ ਵੇਲੇ ਲੇਜ਼ਰ ਲਾਈਟਾਂ ਦੀ ਵਰਤੋਂ ਵੀ ਲੈਂਡਿੰਗ ਸਮੇਂ ਪਾਇਲਟਾਂ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਇਸ ਲਈ ਹਵਾਈ ਅੱਡੇ ਦੇ 200 ਮੀਟਰ ਦੇ ਘੇਰੇ ਵਿੱਚ ਲੇਜ਼ਰ ਲਾਈਟਾਂ ਦੀ ਵਰਤੋਂ 'ਤੇ ਤੁਰੰਤ ਪਾਬੰਦੀ ਲਗਾਉਣ ਮਨਾਹੀ ਦੇ ਹੁਕਮ ਜਾਰੀ ਕਰਨ ਲਈ ਵੀ ਕਿਹਾ। ਇਸ ਤੋਂ ਇਲਾਵਾ ਏਅਰਪੋਰਟ ਅਥਾਰਟੀਆਂ ਵੱਲੋਂ ਮੀਟਿੰਗ ਦੌਰਾਨ ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਕਿ ਜੀਰਕਪੁਰ ਦੇ ਨੇੜੇ ਏਅਰ ਫੋਰਸ ਸਟੇਸ਼ਨ ਦੇ ਆਸ ਪਾਸ ਹਾਈ ਗਰਾਊਡਾਂ ਦੇ ਨੇੜੇ ਲੇਬਰ ਕੈਂਪ ਹੋਣ ਕਾਰਨ ਸੁਰੱਖਿਆ ਦੇ ਮੱਦੇਨਜ਼ਰ ਇਨ੍ਹਾਂ ਲੇਬਰਜ਼ ਦੀ ਵੈਰੀਫਿਕੇਸ਼ਨ ਹੋਣੀ ਜਰੂਰੀ ਹੈ। ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ, ਗਮਾਡਾ, ਨਗਰ ਨਿਗਮ ਮੁਹਾਲੀ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣਾਂ ਦੀ ਸੁਰੱਖਿਅਤ 'ਲੈਂਡਿੰਗ' ਅਤੇ 'ਟੇਕਆਫ' ਨੂੰ ਯਕੀਨੀ ਬਣਾਉਣ ਲਈ ਪੰਛੀਆਂ ਦੀ ਰੋਕਥਾਮ ਨਾਲ ਸਬੰਧਤ ਕਦਮ ਚੁੱਕਣ ਲਈ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਐਸ ਡੀ ਐਮ ਮੋਹਾਲੀ ਦਮਨਦੀਪ ਕੌਰ, ਸਹਾਇਕ ਕਮਿਸ਼ਨਰ (ਜ) ਡਾ. ਅੰਕਿਤਾ ਕਾਂਸਲ, ਐਸ ਡੀ ਐਮ ਡੇਰਾਬਸੀ ਅਮਿਤ ਗੁਪਤਾ, ਡੀ ਡੀ ਪੀ ਓ ਬਲਜਿੰਦਰ ਸਿੰਘ ਗਰੇਵਾਲ, ਤਹਿਸੀਲਦਾਰ ਮੋਹਾਲੀ, ਰੋਬਿਨਜੀਤ ਕੌਰ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਨਹਿਰ ਵਿਭਾਗ ਤੋਂ ਮਨਜ਼ੂਰੀ ਨਾ ਮਿਲਣ ਕਾਰਨ ਪਿੰਡ ਮਣਕਿਆਂ ਵਾਲੀ ਦੇ ਲੋਕ ਪਰੇਸ਼ਾਨ

**ਜ਼ੀਰਾ/ਅੰਗਰੇਜ਼ ਬਰਾੜ**

ਜੀਰਾ ਤਹਿਸੀਲ ਦੇ ਪਿੰਡ ਮਣਕਿਆਂ ਵਾਲੀ ਵਿਖੇ ਇਕੱਤਰ ਹੋਏ ਪਿੰਡ ਦੇ ਲੋਕ ਅਤੇ ਸਰਪੰਚ ਸਰਦਾਰ ਸੁਖਦੇਵ ਸਿੰਘ ਸੰਧੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਮੇਂ ਝੋਨੇ ਦੀ ਬਜਾਈ ਦਾ ਕੰਮ ਜੋਰਾਂ ਸ਼ੋਰਾਂ ਤੇ ਚੱਲ ਰਿਹਾ ਹੈ। ਉਹ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਜ਼ਿਲ੍ਹਾ ਫਿਰੋਜ਼ਪੁਰ ਨੂੰ ਝੋਨਾ ਲਗਾਉਣ ਦੀ ਤਰੀਕ ਇੱਕ ਜੂਨ ਦਿੱਤੀ ਸੀ ਅਤੇ ਉਹਨਾਂ ਨੇ ਦੋ ਜੂਨ ਨੂੰ ਨਹਿਰੀ ਪਾਣੀ ਦੇ ਆਪਣੇ ਮੋਘੇ ਖੋਲ ਦਿੱਤੇ ਅਤੇ ਝੋਨੇ ਦੀ ਬਜਾਈ ਸ਼ੁਰੂ ਕਰ ਦਿੱਤੀ ਹੈ। ਅਫਸੋਸ ਇਸ ਗੱਲ ਦਾ ਹੈ ਕਿ ਉਹਨਾਂ ਦੇ ਪਿੰਡ ਦੀ ਜਮੀਨ ਦਾ ਰਕਬਾ 600 ਕਿੱਲਾ ਨੂੰ ਨਹਿਰੀ ਪਾਣੀ ਲੱਗ ਰਿਹਾ ਹੈ ਜਦ ਕਿ ਉਹਨਾਂ ਦੀ ਪਿੰਡ ਦਾ ਕੁਝ ਰਕਬਾ ਜਿਸ ਨੂੰ ਮਨਜ਼ੂਰੀ ਨਾ ਮਿਲਣ ਕਾਰਨ ਪਾਣੀ ਨਹੀਂ ਲੱਗ ਰਿਹਾ ਜਦ ਕਿ ਪਾਈਪ ਲੈਣ ਪੈ ਚੁੱਕੀ ਹੈ! ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹਨਾਂ ਦਾ ਜਿਹੜਾ ਕੁਝ ਰਕਬਾ ਉਹ ਸਰਹੰਦ ਫੀਡਰ ਨਾਲ ਹੀ ਜੋੜਿਆ ਜਾਵੇ! ਇਸ ਸਬੰਧੀ ਜਦ ਨਹਿਰੀ ਵਿਭਾਗ ਦੇ ਐਕਸੀਅਨ



ਸੰਦੀਪ ਮਾਂਗਟ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਉਹ ਆਪਣੇ ਮਸਲੇ ਨੂੰ ਲੈ ਕੇ ਸਾਡੇ ਕੋਲ ਆਉਣ ਜੇਕਰ ਜੱਜਮੈਂਟ ਸਹੀ ਹੋਈ ਤਾਂ ਉਹਨਾਂ ਦਾ ਮਸਲਾ ਤੁਰੰਤ ਹੱਲ ਕੀਤਾ ਜਾਵੇਗਾ! ਇਸ ਮੌਕੇ ਸੇਵਾ ਸਿੰਘ ਸੰਧੂ, ਨਿਰਮਲ ਸਿੰਘ ਸੰਧੂ, ਗੁਰਲਾਲ ਸਿੰਘ, ਮੇਵਾ ਸਿੰਘ ਸੰਧੂ, ਹੈਪੀ ਹਰਦਾਸਾ, ਸੁਖਚੈਨ ਸਿੰਘ ਮੈਂਬਰ ਪੰਚਾਇਤ, ਹਰਪ੍ਰੀਤ ਸਿੰਘ ਮੈਂਬਰ, ਲਵਪ੍ਰੀਤ ਸਿੰਘ, ਆਦਿ ਹਾਜ਼ਰ ਸਨ!

# ਸ਼੍ਰੀ ਅਮਰਨਾਥ ਮਾਤਾ ਚਿੰਤਪੁਰਨੀ ਚੈਰੀਟੇਬਲ ਟਰੱਸਟ ਵੱਲੋਂ 13ਵਾਂ ਵਿਸ਼ਾਲ ਭੰਡਾਰਾ 30 ਜੂਨ ਤੋਂ ਸ਼ੁਰੂ

## ਠੇਕੇਦਾਰ ਕੁਲਭੂਸ਼ਨ ਸ਼ੌਰੀ ਦੀ ਅਗਵਾਈ ਹੇਠ ਲੰਗਰ ਦਾ ਪੋਸਟਰ ਕੀਤਾ ਰਿਲੀਜ਼




**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਸ਼੍ਰੀ ਅਮਰਨਾਥ ਮਾਤਾ ਚਿੰਤਪੁਰਨੀ ਚੈਰੀਟੇਬਲ ਟਰੱਸਟ ਰਜਿ: ਗੜ੍ਹਸ਼ੰਕਰ ਵਲੋਂ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ਼੍ਰੀ ਅਮਰਨਾਥ ਜੀ ਦੀ ਯਾਤਰਾ ਅਤੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਤੇ ਜਾਣ ਵਾਲੇ ਸ਼ਰਧਾਲੂਆਂ ਲਈ 13ਵਾਂ ਵਿਸ਼ਾਲ ਭੰਡਾਰਾ 30 ਜੂਨ ਤੋਂ ਸ਼ੁਰੂ ਹੋ ਰਿਹਾ ਹੈ। ਇਸ ਸਬੰਧੀ ਲੰਗਰ ਕਮੇਟੀ ਦੀ ਇਕ ਮੀਟਿੰਗ ਟਰੱਸਟ ਦੇ ਚੇਅਰਮੈਨ ਠੇਕੇਦਾਰ ਕੁਲਭੂਸ਼ਨ ਸ਼ੌਰੀ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਦੌਰਾਨ ਲੰਗਰ ਕਮੇਟੀ ਦੀਆਂ ਤਿਆਰੀਆਂ ਨੂੰ ਲੈਕੇ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਲੰਗਰ ਕਮੇਟੀ ਦੇ ਚੇਅਰਮੈਨ ਠੇਕੇਦਾਰ ਕੁਲਭੂਸ਼ਨ ਸ਼ੌਰੀ ਵਲੋਂ ਸਮੂਹ ਮੈਂਬਰਾਂ ਦੀ ਮੌਜੂਦਗੀ ਵਿੱਚ ਲੰਗਰ ਕਮੇਟੀ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ 13ਵਾਂ ਵਿਸ਼ਾਲ ਭੰਡਾਰਾ ਹੁਸ਼ਿਆਰਪੁਰ ਰੋਡ ਨੇੜੇ ਪਨਸਪ ਗੋਦਾਮ ਗੜ੍ਹਸ਼ੰਕਰ ਵਿਖੇ 30 ਜੂਨ ਦਿਨ ਸੋਮਵਾਰ ਤੋਂ ਲਗਾਇਆ ਜਾ ਰਿਹਾ ਹੈ। ਜੋਕਿ ਲਗਾਤਾਰ ਸ਼ਿਵ ਇੱਛਾ ਤੱਕ ਚੱਲੇਗਾ। ਲੰਗਰ ਕਮੇਟੀ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਮੌਕੇ ਹੁੰਮ-ਹੁੰਮਾ ਕੇ ਪੁੱਜਣ ਦਾ ਖੁੱਲ੍ਹਾ ਸੱਦਾ ਦਿੱਤਾ।ਉਨ੍ਹਾਂ ਦੱਸਿਆ ਕਿ ਲੰਗਰ ਕਮੇਟੀ ਦੇ ਸਮੂਹ ਸੇਵਾਦਾਰਾਂ ਵੱਲੋਂ ਇਸ ਸਬੰਧੀ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ ਹਨ। ਇਥੇ ਇਹ ਦੱਸਣਯੋਗ ਹੈ ਕਿ ਲੰਗਰ ਕਮੇਟੀ ਵੱਲੋਂ ਹਰੇਕ ਸਾਲ ਇਹ ਵਿਸ਼ਾਲ ਭੰਡਾਰਾ ਲਗਾਤਾਰ 35-40 ਦਿਨ ਲਗਾਇਆ ਜਾਂਦਾ ਹੈ ਅਤੇ ਜਿਸ ਵਿੱਚ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਲੰਗਰ ਛੱਕ ਦੀਆਂ ਹਨ। ਇਸ ਮੌਕੇ ਠੇਕੇਦਾਰ ਕੁਲਭੂਸ਼ਨ ਸ਼ੌਰੀ ਤੋਂ ਇਲਾਵਾ ਯੋਗਰਾਜ ਗੰਭੀਰ, ਵਿਨੋਦ ਪ੍ਰਭਾਕਰ, ਹਰਪਾਲ ਸਿੰਘ ਬੇਦੀ, ਅਜੈ ਅਗਨੀਹੋਤਰੀ, ਵਿਨੈ ਸ਼ਰਮਾ, ਰਾਜੀਵ ਅਰੋੜਾ, ਚੇਤਨ ਗੁਲਾਟੀ, ਵਨੀਤ ਲੰਬ, ਅਚਾਰੀਆ ਆਸ਼ੀਸ਼ ਵਸ਼ਿਸ਼ਟ, ਸਾਬਕਾ ਸਰਪੰਚ ਜਸਵਿੰਦਰ ਸਿੰਘ ਅਤੇ ਸਹਿਜਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਨੌਜਵਾਨ ਅਧਿਆਤਮਿਕ ਕੈਂਪਾਂ ਰਾਹੀਂ ਸਿੱਖ ਰਹੇ ਧਾਰਮਿਕ ਗਤੀਵਿਧੀਆਂ : ਸਾਗਰ ਮੁਨੀ ਸ਼ਾਸਤਰੀ

**ਅੰਮ੍ਰਿਤਸਰ**

ਅਧਿਆਤਮਿਕਤਾ ਮਨੁੱਖੀ ਜੀਵਨ ਦਾ ਆਧਾਰ ਹੈ। ਇਹ ਮਨੁੱਖ ਨੂੰ ਜਿਊਣ ਦੀ ਕਲਾ ਸਿਖਾਉਂਦੀ ਹੈ। ਚੌਂਕ ਪਾਸੀਆ ਵਿਖੇ ਸਥਿਤ ਅਧਿਆਤਮਿਕ ਕੇਂਦਰ ਪ੍ਰਾਚੀਨ ਮੰਦਰ ਦੇ ਕ੍ਰਿਸ਼ਨਾਇਣ ਦੇ ਅਧਿਆਤਮਿਕ ਯੁਵਾ ਸ਼ਕਤੀ ਵਿਕਾਸ ਕੈਂਪ ਵਿੱਚ ਸ਼ਰਧਾਲੂ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਮੰਦਰ ਦੇ ਮੁੱਖੀ ਦਰਸ਼ਨਚਾਰੀਆ ਸਾਗਰ ਮੁਨੀ ਸ਼ਾਸਤਰੀ ਜੀ ਦੁਆਰਾ ਇਸ ਕੈਂਪ ਵਿੱਚ ਪ੍ਰਾਣਾਯਾਮ, ਯੋਗਾਸਨ, ਸਮੂਹ ਗਾਇਨ, ਸ਼੍ਰੀਮਦ ਭਾਗਵਤ ਗੀਤਾ ਦੇ ਸੰਸਕ੍ਰਿਤ ਸ਼ਲੋਕਾਂ ਦਾ ਪਾਠ, ਮਰਾਠੀ ਦੇ ਲੀਲਾ ਚਰਿਤਰ ਦਾ ਅਧਿਐਨ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ, ਸ਼ਰਧਾਲੂਆਂ ਨੂੰ ਸਨਾਤਨ ਦੀਆਂ ਪੂਜਾ ਵਿਧੀਆਂ ਵੀ ਸਿਖਾਈਆਂ ਜਾ ਰਹੀਆਂ ਹਨ। ਇਸ ਕੈਂਪ ਵਿੱਚ ਦੇਸ਼-ਵਿਦੇਸ਼ ਤੋਂ ਨੌਜਵਾਨ ਹਿੱਸਾ ਲੈ ਰਹੇ ਹਨ। ਸ਼ਾਸਤਰੀ ਜੀ ਨੇ ਕੈਂਪ ਵਿੱਚ ਸ਼ਰਧਾਲੂਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੇਕਰ ਮਨੁੱਖ ਆਪਣੇ ਜੀਵਨ ਵਿੱਚ ਧਰਮ ਨਾਲ ਜੁੜਿਆ ਰਹਿੰਦਾ ਹੈ, ਤਾਂ ਉਸਨੂੰ ਇਸ ਲੋਕ ਅਤੇ ਪਰਲੋਕ ਵਿੱਚ ਭਲਾਈ ਮਿਲਦੀ ਹੈ। ਸਾਨੂੰ ਪਾਪੀ ਕੰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਚੰਗੇ ਕੰਮ ਕਰਨੇ ਚਾਹੀਦੇ ਹਨ।





ਪੀਪੀਟੀ ਸਲਾਈਡਾਂ ਰਾਹੀਂ ਅਧਿਐਨ ਕਰਨਾ ਇਸ ਕੈਂਪ ਦੀ ਵਿਸ਼ੇਸ਼ਤਾ ਹੈ। ਸਮੂਹਿਕ ਮਗਲਆਰਤੀ ਤੋਂ ਬਾਅਦ, ਭੋਜਨ ਪ੍ਰਸ਼ਾਦ ਵੰਡਿਆ ਗਿਆ। ਕੈਂਪ ਦੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ। ਇਸ ਪ੍ਰੋਗਰਾਮ ਵਿੱਚ ਰੇਣੂਕਾ ਵੈਦਿਆ, ਸ਼ੁਭ ਸਰੀਨ, ਪੂਜਾ ਸਰੀਨ, ਅਮਿਤ ਸ਼ਿੰਗਾਰੀ, ਕੀਰਤਿਕਾ ਧਵਨ, ਸਰੋਜ ਸੈਣੀ, ਕਸ਼ਿਸ਼ ਬਾਬਾ, ਕਮਲੇਸ਼ ਸੈਣੀ ਸਮੇਤ ਬਹੁਤ ਸਾਰੇ ਸ਼ਰਧਾਲੂ ਮੌਜੂਦ ਸਨ।

# ਨੌਜੁਆਨ ਨਸ਼ੇ ਤਿਆਗ ਕੇ ਗੁਣਾ ਨਾਲ ਭਰਪੂਰ ਸ਼ਰਧਾਈ ਨੂੰ ਜੀਵਨ ਦਾ ਅੰਗ ਬਣਾਉਣ : ਖਾਲਸਾ




**ਦੋਰਾਹਾ, ਲਾਲ ਸਿੰਘ ਮਾਂਗਟ**

ਨੌਜੁਆਨ ਨਸ਼ੇ ਅਤੇ ਸੌਫਟ ਡਰਿੰਕ ਨੂੰ ਆਪਣੇ ਜੀਵਨ ਵਿੱਚੋ ਸਦਾ ਲਈ ਤਿਆਗ ਕੇ ਗੁਣਾ ਨਾਲ ਭਰਪੂਰ ਸ਼ਰਧਾਈ ਨੂੰ ਜੀਵਨ ਦਾ ਅੰਗ ਬਣਾਉਣ, ਤਾ ਜੋ ਨਸ਼ਿਆਂ ਚ ਡੁੱਬਦੀ ਜਵਾਨੀ ਨੂੰ ਨਵਾਂ ਵਿਕਲਪ ਮਿਲ ਸਕੇ। ਦੂਜੇ ਪਾਸੇ ਅਜੋਕੇ ਸਮੇ ਦੇ ਸੋਫਿੱਟ ਡਰਿੰਕ ਮਿਨਰਲ ਅਤੇ ਖਾਣਿਜਾ ਤੋਂ ਕੋਹਾਂ ਦੂਰ ਹੁੰਦੇ ਹਨ, ਜੋ ਸਿਹਤ ਲਈ ਵਰਦਾਂਨ ਬਣਨ ਦੀ ਬਿਜਾਏ ਸਰੀਰ ਦੇ ਅੰਦਰੂਨੀ ਅਹਿਮ ਅੰਗਾ ਉਪਰ ਮਾਰੂ ਪ੍ਰਭਾਵ ਪਾਉਦੇ ਹਨ। ਇਹ ਮਿਆਰੀ ਨਾ ਹੋਣ ਕਰਕੇ ਸਿਹਤ ਲਈ ਨੁਕਸਾਨ ਦੇਹ ਸਾਬਿਤ ਹੁੰਦੇ ਹਨ। ਜਦ ਕਿ ਸ਼ਰਧਾਈ ਕੈਮੀਕਲ ਪਦਾਰਥਾਂ ਤੋਂ ਦੂਰ ਰਹਿ ਕੇ ਗੁਣਾ ਨਾਲ ਭਰਪੂਰ ਹੋਣ ਕਰਕੇ ਅਤਿ ਦੀ ਗਰਮੀ ਤੋਂ ਰਾਹਤ ਪ?ਦਾਨ ਕਰਦੀ ਹੈਂ। ਇਹ ਸ਼ਬਦ ਦੋਰਾਹਾ ਦੇ ਕੱਦੋ ਚੋਕ ਹੇਠ ਸ਼ਰਧਾਈ ਦੀ ਸਟਾਲ ਲਾਈ ਖੜੇ ਬਾਬਾ ਬਲਵਿੰਦਰ ਸਿੰਘ ਖਾਲਸਾ ਨੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਦੱਸਿਆ ਕਿ ਪੁਰਾਤਨ ਸਮਿਆਂ ਵਿੱਚ ਲੋਕ ਗਰਮੀ ਦੇ ਮੌਸਮ ਦੌਰਾਨ ਸ਼ਰਧਾਈ ਨੂੰ ਸ਼ੋਕ ਨਾਲ ਪੀਦੇ ਸਨ। ਇਸ ਵਿੱਚ ਬਦਾਮ, ਕਾਜੂ, ਮਿਸ਼ਰੀ, ਲੌਂਗ, ਇਲੈਚੀ, ਦਾਲ ਚੀਨੀ, ਖੁਸ਼ਖਸ, ਕਾਲੀ ਮਿਰਚ, ਦੁੱਧ ਗੁਲਾਬ ਦੇ ਪੱਤੇ ਆਦਿਕ ਦੇਸੀ ਜੜੀ ਬੂਟੀਆਂ ਪਾਈਆ ਜਾਂਦੀਆਂ ਹਨ। ਬੇਅੰਤ ਗੁਣਾ ਨਾਲ ਭਰਪੂਰ ਠੰਡੀ ਮਿੱਠੀ ਸ਼ਰਧਾਈ ਨੂੰ ਹਰ ਉਮਰ ਦੇ ਵਿਅਕਤੀ ਬਹੁਤ ਸ਼ੋਕ ਅਤੇ ਚਾਅ ਨਾਲ ਪੀ ਸਕਦੈ ਹਨ। ਸ਼ਰਧਾਈ ਆਪਣੇ ਲਾਮਿਸਾਲ ਗੁਣਾ ਕਰਕੇ ਮਨੁੱਖੀ ਸਰੀਰ ਵਿੱਚੋ ਕਮਜ਼ੋਰੀ ਨੂੰ ਦੂਰ ਕਰਨ ਲਈ ਰਾਮਬਾਣ ਸਾਬਿਤ ਹੋਈ ਹੈਂ। ਉਨ੍ਹਾਂ ਕਿਹਾ ਕਿ ਅੱਜ ਵੀ ਨਹਿੰਗ ਸਿੰਘ ਜਥੇਬੰਦੀਆ ਆਪਣੇ ਆਖੜਿਆ ਵਿੱਚ ਸ਼ਰਧਾਈ ਨੂੰ ਅਹਿਮ ਸਥਾਨ ਦਿੰਦੀਆਂ ਹਨ। ਜੋ ਘੋਟੇ ਦੇ ਨਾਮ ਨਾਲ ਜਾਣੀ ਜਾਂਦੀ ਹੈਂ। ਉਨ੍ਹਾਂ ਕਿਹਾ ਕਿ ਸ਼ਰਧਾਈ ਨੂੰ ਸਿਹਤ ਅਨੁਸਾਰ ਥੋੜੀ ਜਾ ਬਹੁਤੀ ਮਿਕਦਾਰ ਨਾਲ ਵਰਤਿਆ ਜਾ ਸਕਦਾ ਹੈਂ।

# ਹਾਏ ਹਾਏ ਜਾਗੋ,ਬੂ ਬੂ ਜਾਗੋ

ਚੈਕਿੰਗ ਵਿੱਚ ਮਸ਼ਰੂਫ ਸਾਂ ਕਿ ਘਰਵਾਲੀ ਦਾ ਫੋਨ ਆਇਆ ਤੁਸੀਂ ਅੱਜ ਡਿਊਟੀ ਖਤਮ ਕਰਕੇ ਜਲਦੀ ਘਰ ਆ ਜਿਉ.. ਮਿਸਿਜ਼ ਢਿੱਲੋਂ ਦਾ ਫੋਨ ਆਇਆ ਸੀ ਬੇਟੀ ਦੇ ਵਿਆਹ ਦੀ ਜਾਗੋ ਕੱਢਣੀ ਐ... ਕਈ ਦਿਨ ਹੋ ਗਏ ਬੁੱਕ ਕਰਾਈ ਸੀ...ਅੱਜ ਮਸਾਂ ਮਿਲੀ ਐ... ਆਪਾਂ ਨੂੰ ਜਰੂਰੀ ਪਹੁੰਚਣ ਲਈ ਕਿਹੈ... ਘਰਵਾਲੀ ਨੇ ਸੁਨੇਹਾਂ ਦੇ ਕੇ ਫੋਨ ਬੰਦ ਕਰ ਦਿੱਤਾ ਸੀ ਜਾਗੋ ਕੱਢਣੀ ਐ... ਬੁੱਕ ਕਰਾਈ ਸੀ ਮਸਾਂ ਮਿਲੀ ਹੈ ਮਨ ਚੈਕਿੰਗ ਵਿੱਚੋਂ ਉੱਖੜ ਗਿਆ ਸੀ... ਮਾਮੇ ਦੇ ਵਿਆਹ ਸਮੇ ਕੱਢੀ ਜਾਗੋ ਯਾਦ ਆਈ, ਮੈਂ ਦਸ ਕੁ ਸਾਲਾਂ ਦਾ ਸਾਂ ਮਾਸੀ ਨੇ ਪਿੱਤਲ ਦੀ ਗਾਗਰ ਆਟੇ ਦੇ ਦੀਵੇ ਸਰੋਂ ਦੇ ਤੇਲ ਨਾਲ ਜਗਾ ਕੇ ਸਿਰ ਤੇ ਰੱਖੀ ਹੋਈ ਸੀ, ਇੱਕ ਸੁਆਣੀ ਨੇ ਨਾਨੇ ਵਾਲਾ ਖੂੰਡਾ ਤੇ ਇੱਕ ਹੋਰ ਨੇ ਛੱਜ ਤੇ ਡੰਡਾ ਚੁੱਕਿਆ ਹੋਇਆ ਸੀ, ਗੁਆਂਢੀ ਘਰਾਂ ਚ ਜਾ ਕੇ ਬੋਲੀਆਂ ਪਾ ਪਾ ਕੇ ਵਧਾਈਆਂ ਲਈਆਂ ਗਈਆਂ,ਕਈ ਘਰੀਂ ਗੁੱਝੀਆਂ ਮਸ਼ਕਰੀਆਂ ਕਰਕੇ ਹਲੂਣੇ ਦਿੱਤੇ ਗਏ।

ਥਾਣੇ ਦਾ ਕੰਮ ਕਾਰ ਸਮੇਟ ਕੇ ਗੋਬਿੰਦਗੜ੍ਹ ਤੋਂ ਮੋਹਾਲੀ ਪਹੁੰਚਦਿਆਂ ਪੌਣਾ ਕੁ ਘੰਟਾ ਲੱਗਿਆ,ਘਰਵਾਲੀ ਤਿਆਰ ਬੈਠੀ ਸੀ,ਅਸੀਂ ਸ਼ਗਣ ਵਾਲਾ ਲਿਫਾਫਾ ਲੈ ਕੇ ਢਿੱਲੋਂ ਸਾਹਿਬ ਦੇ ਘਰ ਪਹੁੰਚ ਗਏ,ਢਿੱਲੋਂ ਸਾਹਿਬ ਨੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ, ਤੜਕ ਭੜਕ ਵਾਲੇ ਕੱਪੜੇ ਤੇ ਸੂਟ ਪਾ ਕੇ ਸਕੇ ਸਬੰਧੀ ਅਤੇ ਗੁਆਂਢੀ ਪੁੱਜੇ ਹੋਏ ਸਨ,ਸਰੂਰ ਬਣ ਰਿਹਾ ਸੀ ਕਿ ਸ੍ਰੀਮਤੀ ਢਿੱਲੋ ਦੀ ਆਵਾਜ਼ ਆਈ,ਜਾਗੋ ਵਾਲਾ ਤਾਂ ਜਾਗੋ ਦੇ ਗਿਐ ਪਰ ਢਿੱਲੋਂ ਸਾਹਿਬ ਤੁਹਾਡਾ ਬੁੱਕ ਕੀਤਾ ਢੋਲੀ ਤੇ ਬੋਲੀਆਂ ਪਾਉਣ ਵਾਲਾ ਮਿਸ਼ਰਾ ਕਿੱਥੇ ਨੇ ਇਸ ਤੋਂ ਪਹਿਲਾਂ ਕਿ ਢਿੱਲੋਂ ਸਾਹਿਬ ਕੁਝ ਬੋਲਦੇ ਨੁੱਕਰ ਵਿੱਚ ਬੈਠੇ ਢੋਲੀ ਨੇ ਢੋਲ ਵਜਾਉਣਾ ਸ਼ੁਰੂ ਕਰ ਦਿੱਤਾ ਅਤੇ ਉਸਦਾ ਸਾਥੀ ਬੋਲੀਆਂ ਪਾਉਣ ਲੱਗ ਪਿਆ ਮੈਨੂੰ ਉਸਦੀ ਬੋਲੀ ਤੇ ਸ਼ਬਦਾਵਲੀ ਅਜੀਬ ਜਿਹੀ ਲੱਗੀ.. ਜਾਗੋ ਕਿੱਥੇ ਐ... ਢਿੱਲੋ ਸਾਹਿਬ ਨੇ ਸ੍ਰੀਮਤੀ ਨੂੰ ਆਵਾਜ਼ ਮਾਰੀ... ਉਹ ਜੀ ਜਾਗੋ ਦੀ ਬੈਟਰੀ ਨਵੀਂ ਪਾ ਰਹੀ ਆਂ ਐਵੇਂ ਕਿਤੇ ਰਾਹ ਵਿੱਚ ਮੁੱਕ ਜਾਵੇ ਤਾਂ ਬੇਸ਼ਗਨੀ ਹੁੰਦੀ ਐ..ਅੰਦਰੋਂ ਸ੍ਰੀਮਤੀ ਢਿੱਲੋਂ ਨੇ ਉੱਤਰ ਦਿੱਤਾ,ਮੈਂ ਹੱਕਾ ਬੱਕਾ ਸਾਂ ਕਿ ਸ੍ਰੀਮਤੀ ਢਿੱਲੋਂ ਜਰੀਦਾਰ ਵੇਲ ਬੂਟੀਆਂ ਵਾਲੀ ਰੰਗ ਬਰੰਗੀ ਮਟਕੀ ਸਿਰ ਤੇ ਰੱਖੀ ਬਾਹਰ ਆਈ ਜਿਸਦੇ ਦੀਵੇ ਲਾਟਾਂ ਕੱਢਣ ਦੀ ਥਾਂ ਜਗ ਬੁਝ ਰਹੇ ਸਨ ਮੇਰੇ ਲਈ ਇਹ ਅਲੋਕਾਰ ਗੱਲ ਸੀ.. ਜਾਗੋ ਬੁੱਕ ਕਰਾਈ ਸੀ ਮਸਾਂ ਮਿਲੀ ਹੈ.. ਘਰ ਵਾਲੀ ਵੱਲੋਂ ਫੋਨ ਤੇ ਕਹੇ ਸ਼ਬਦ ਹੁਣ ਮੇਰੇ ਸਮਝ ਪੈ ਰਹੇ ਸਨ, ਇਹ ਉਚੇਚੇ ਤੌਰ ਤੇ ਮੰਗਵਾਈ ਨਕਲੀ ਦੀਵਿਆਂ ਵਿੱਚ ਜਗਦੇ ਬਲਬਾਂ ਵਾਲੀ ਬਿਜਲਈ ਜਾਗੋ ਸੀ..ਨਾ ਕੋਈ ਤੇਲ ਮੁੱਕਣ ਦਾ ਡਰ ਸੀ ਨਾ ਭੁੱਲ੍ਹ ਜਾਣ ਦਾ ਖਤਰਾ... ਬੋਲੀਆਂ ਪਾਉਣ ਵਾਲਾ ਹਿੰਦੀ ਪੰਜਾਬੀ ਸ਼ਬਦਾਵਲੀ ਦਾ ਜੋੜ ਤੋੜ ਕਰਕੇ ਬੇਮੇਲ ਜਿਹੀਆਂ ਬੋਲੀਆਂ ਪਾ ਰਿਹਾ ਸੀ,ਮੇਲੀ ਵੀ ਵਿੱਚ ਵਿੱਚ ਮਨ ਦੀ ਮੌਜ ਮੁਤਾਬਕ ਬੋਲੀਆਂ ਪਾ ਰਹੇ ਸਨ ਰਸਤੇ ਵਿੱਚ ਪੈਂਦੇ ਘਰਾਂ ਵਾਲੇ ਜਾਗੋ ਨੇੜੇ ਪਹੁੰਚਣ ਤੋਂ ਪਹਿਲਾਂ ਹੀ ਦਰਵਾਜੇ ਬੰਦ ਕਰਕੇ ਪਰਦੇ ਤਾਣ ਲੈਂਦੇ..ਕਈ ਤਾਂ ਲਾਈਟਾਂ ਵੀ ਬੰਦ ਕਰ ਲੈਂਦੇ ਜਿਵੇਂ ਉਹ ਕਿਸੇ ਅਚਨਚੇਤੀ ਮੁਸੀਬਤ ਗਲ ਪੈਣ ਤੋਂ ਬਚ ਰਹੇ ਹੋਣ... ਨਾ ਜਾਗੋ ਕਿਸੇ ਦੇ ਘਰ ਲਿਜਾਈ ਗਈ,ਨਾ ਰਾਹ ਵਿੱਚੋਂ ਕੋਈ ਸ਼ਾਮਿਲ ਹੋਇਆ....ਤੂੰ ਕਿੱਥੋਂ ਦਾ ਰਹਿਣ ਵਾਲਾ ਏਂ.. ਮੈਂ ਬੋਲੀਆਂ ਪਾਉਣ ਵਾਲੇ ਨੂੰ ਪੁੱਛਿਆ...ਬਾਬੂ ਜੀ ਯੂਪੀ ਕਾ ਹੂੰ ਇੱਥੇ ਆਏ 10 ਸਾਲ ਹੂਏ.. ਕਹਿ ਕੇ ਉਸਨੇ ਜੇਬ ਵਿੱਚੋਂ ਵਿਜ਼ਟਿੰਗ ਕਾਰਡ ਕੱਢ ਕੇ ਮੇਰੇ ਹੱਥ ਧਰ ਦਿੱਤਾ ਜਿਸ ਤੇ ਪੰਜਾਬੀ ਵਿੱਚ ਲਿਖਿਆ ਸੀ..ਵਿਆਹ ਸ਼ਾਦੀ ਦੇ ਪ੍ਰੋਗਰਾਮਾਂ ਲਈ ਮਿਲੋ..ਰਾਮ ਨਿਵਾਸ ਮਿਸ਼ਰਾ ਕਲੋਨੀ ਨੰਬਰ ਚਾਰ..ਚੰਡੀਗੜ੍ਹ....ਉਹ ਪੰਜਾਬੀ ਬੋਲੀਆਂ ਦਾ ਜੋ ਘਾਣ ਕਰ ਰਿਹਾ ਸੀ ਬਰਦਾਸ਼ਤ ਤੋਂ ਬਾਹਰ ਸੀ...ਮੌਕੇ ਤੇ ਹੀ ਜੁੱਤੀ ਫੇਰਨ ਨੂੰ ਜੀ ਕਰ ਰਿਹਾ ਸੀ ਪਰ ਮੈਂ ਸ਼ਾਂਤ ਰਿਹਾ...ਉਧਰੋਂ ਛੱਜ ਕੁੱਟਣ ਵਾਲੀ ਨੇ ਬਥੇਰਾ ਜ਼ੋਰ ਲਾਇਆ ਪਰ ਛੱਜ ਟੁੱਟ ਹੀ ਨਹੀਂ ਰਿਹਾ ਸੀ... ਬੇਸ਼ਰਮ ਜਿਹੀ ਹੋ ਕੇ ਉਹ ਛੱਜ ਸੜਕ ਤੇ ਸੁੱਟ ਕੇ 90 ਕਿਲੋ ਦਾ ਸਰੀਰ ਲੈ ਕੇ ਉੱਤੇ ਚੜ੍ਹ ਗਈ.. ਛੱਜ ਭਾਰ ਅਤੇ ਸ਼ਰਮ ਦਾ ਮਾਰਾ ਸਪਾਟ ਹੀ ਸੜਕ ਤੇ ਵਿਛ ਗਿਆ ਸੀ.. ਚਲੋ ਛੱਡੋ ਜੀ ਇਹ ਤਾਂ ਛੱਜ ਨਾਲ ਜ਼ੁਲਮ ਹੈ ਸਾਰੇ ਟਿਚਰਾਂ ਕਰ ਰਹੇ ਸਨ...ਵਾਪਸ ਘਰ ਪਹੁੰਚੇ ਤਾਂ ਸ੍ਰੀਮਤੀ ਢਿੱਲੋ ਨੇ ਜਾਗੋ ਵਾਲੀ ਮਟਕੀ ਸੰਭਾਲ ਕੇ ਰੱਖ ਦਿੱਤੀ...ਸਵੇਰੇ ਸਹੀ ਸਲਾਮਤ ਵਾਪਸ ਕਰਕੇ ਪੇਸ਼ਗੀ ਦਿੱਤੀ ਰਕਮ ਜੋ ਵਾਪਸ ਲੈਣੀ ਸੀ ਮਿਸ਼ਰਾ ਤੇ ਢੋਲੀ ਮੁੜ ਮੁੜ ਵਧਾਈਆਂ ਦੇ ਕੇ ਸ਼ਗਣ ਦੇ ਬਹਾਨੇ ਪੈਸੇ ਝਾੜ ਰਹੇ ਸਨ ਮੈਂ ਮਿਸ਼ਰੇ ਤੋਂ ਐਵੇਂ ਈ ਜਾਗੋ ਕੱਢਣ ਦਾ ਮਤਲਬ ਪੁੱਛ ਲਿਆ ਉਸ ਦਾ ਜਵਾਬ ਸੀ ਇਹ ਬਾਬੂ ਜੀ ਸ਼ਾਦੀ ਵਿਆਹ ਸੇ ਪਹਿਲੇ ਜਿਸ ਕਿਸੇ ਰੋਜ ਰਾਤ ਕੋ ਦੇਰ ਤੱਕ ਜਾਗਣਾਂ ਹੋ ਤੇ ਭਾਂਗੜਾ ਵਾਂਗੜਾ ਪਾਣਾ ਹੋ ਉਸ ਰਾਤ ਕੋ ਇਹ ਜੁਗਾੜ ਤੁਗਾੜ ਕਰਤੇ ਹੈ...ਮੈਂ ਉਸਨੂੰ ਸ਼ਰਾਰਤ ਨਾਲ ਕਹਿ ਦਿੱਤਾ ਕਿ ਜਾਗੋ ਦੀ ਅਸਲ ਬੋਲੀ ਤਾਂ ਤੂੰ ਪਾਈ ਹੀ ਨਹੀਂ ਉਹ ਉਤਾਵਲਾ ਹੋਇਆ...ਜੀ ਵੋਹ ਕੌਣ ਸੀ ਹੈ.. ਬਤਾ ਦੋ ਹੁਣੇ ਪਾ ਦੇਂਦਾ ਹੂੰ...ਮੈਂ ਬੇਮਤਲਬ ਹੀ ਕਹਿ ਦਿੱਤਾ.. ਹਾਏ ਹਾਏ ਜਾਗੋ, ਬੂ ਬੂ ਜਾਗੋ...ਉਹ ਸੱਚੀਂ ਗਾਉਣ ਲੱਗ ਪਿਆ... ਉਹ ਗਾਈ ਜਾ ਰਿਹਾ ਸੀ ਤੇ ਮੈਂ ਪਰੇਸ਼ਾਨ ਹੋਇਆ ਸੋਚਾਂ ਦੇ ਗਹਿਰੇ ਸਮੁੰਦਰ ਵਿੱਚ ਉਤਰਦਾ ਜਾ ਰਿਹਾ ਸਾਂ ਕਿ ਜੇ ਹੁਣ ਵਿਰਸਾ ਅਤੇ ਰਵਾਇਤਾਂ ਭੁੱਲ ਕੇ ਬੈਟਰੀ ਵਾਲੀ ਜਾਗੋ ਅਤੇ ਪੰਜਾਬੀ ਬੋਲੀਆਂ ਪਾਉਣ ਲਈ ਯੂਪੀ ਦੇ ਮਿਸ਼ਰੇ ਕਿਰਾਏ ਤੇ ਲਿਆਂਦੇ ਜਾਣ ਲੱਗ ਪਏ ਹਨ ਤਾਂ ਉਹ ਦਿਨ ਦੂਰ ਨਹੀਂ ਜਦੋਂ ਜਾਗੋ ਦਾ ਮੂਲ ਸੱਭਿਆਚਾਰਕ ਸਵਰੂਪ ਲੋਪ ਹੋ ਜਾਵੇਗਾ ਡਰ ਲੱਗਦਾ ਹੈ ਕਿਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਸੱਚਮੁਚ ਹੀ ਹਾਏ ਹਾਏ ਜਾਗੋ,ਬੂ ਬੂ ਜਾਗੋ ਨਾ ਕਰਨ ਲੱਗ ਪੈਣ।

**ਸੁਖਜੀਤ ਸਿੰਘ ਵਿਰਕ**

# ਪੰਜਾਬ ਗਿਰਝਾਂ ਦੇ ਕਬਜ਼ੇ ਹੇਠ



ਪੰਜਾਬ ਦੇ ਲੋਕਾਂ ਦੀ ਇਹ ਹੋਣੀ ਹੈ ਕਿ ਇਹ ਅਰਦਾਸ ਤਾਂ ਸਰਬੱਤ ਦੇ ਭਲੇ ਲਈ ਕਰਦੇ ਹਨ ਪਰ ਉਲਟਾ ਇਹਨਾਂ ਦਾ ਨੁਕਸਾਨ ਹੁੰਦਾ ਹੈ। ਇਸ ਨੁਕਸਾਨ ਨੂੰ ਇਹ ਰੱਬ ਦਾ ਭਾਣਾ ਮੰਨ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਦੇ ਹਨ ਕਿ ਉਹਨਾਂ ਭਲਾ ਕਰੇ। ਇਸ ਸਮੇਂ ਪੰਜਾਬ ਗਿਰਝਾਂ ਦੇ ਕਬਜ਼ੇ ਹੇਠ ਆ ਗਿਆ ਹੈ। ਇਹਨਾਂ ਗਿਰਝਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਚੂਡਣਾ ਸ਼ੁਰੂ ਕੀਤਾ ਹੋਇਆ ਹੈ। ਪੰਜ ਦਹਾਕੇ ਪਹਿਲਾਂ ਪੰਜਾਬ ਵਿੱਚ ਮਰੇ ਹੋਏ ਮੁਰਦਾਰ ਖਾਣ ਵਾਲੀਆਂ ਗਿਰਝਾਂ ਪਿੰਡਾਂ ਦੇ ਪਿੱਪਲਾਂ ਬੋਹੜਾਂ ਤੇ ਟਾਹਲੀਆਂ ਉਤੇ ਬੈਠੀਆਂ ਹੁੰਦੀਆਂ ਸਨ। ਉਦੋਂ ਪਿੰਡਾਂ ਵਿੱਚ ਹਰ ਘਰ ਦੁਧਾਰੂ ਪਸ਼ੂ ਪਾਲਣ ਲਈ ਹੁੰਦੇ ਸਨ। ਲੋਕ ਖੇਤੀਬਾੜੀ ਵੀ ਬਲਦਾਂ, ਊਠਾਂ ਤੇ ਝੋਟਿਆਂ ਨਾਲ ਕਰਦੇ ਸੀ। ਉਦੋਂ ਇਹ ਗਿਰਝਾਂ ਅਸਮਾਨ ਵਿੱਚ ਉਡਦੀਆਂ ਰਹਿੰਦੀਆਂ ਸਨ। ਜਿੱਥੇ ਵੀ ਉਹਨਾਂ ਨੂੰ ਕੋਈ ਹੱਡਾਂਰੋੜੀ ਵਿੱਚ ਮੁਰਦਾਰ ਦਿਖਦਾ , ਉਹ ਉਧਰ ਨੂੰ ਉਡ ਜਾਂਦੀਆਂ। ਜਦੋਂ ਖੇਤੀਬਾੜੀ ਲਈ ਮਸ਼ੀਨਰੀ ਆਈ, ਹੋਲੀ ਹੋਲੀ ਹੱਥੀਂ ਕਿਰਤ ਕਰਨ ਦਾ ਧੰਦਾ ਮਸ਼ੀਨਾਂ ਨਾਲ ਹੋਣ ਲੱਗਿਆ। ਮਸ਼ੀਨਾਂ ਦੇ ਆਉਣ ਨਾਲ ਪਸ਼ੂਆਂ ਨਾਲ ਖੇਤੀਬਾੜੀ ਕਰਨੀ ਘਟਦੀ ਦੀ ਘਟਦੀ ਘੱਟ ਗਈ। ਹੁਣ ਪਿੰਡਾਂ ਵਿੱਚ ਨਾ ਬਲਦ ਹਨ ਤੇ ਦੁਧਾਰੂ ਪਸ਼ੂ। ਹੁਣ ਘਰ ਘਰ ਲੋਹੇ ਦੀ ਮਸ਼ੀਨਾਂ ਆ ਗਈਆਂ ਹਨ। ਖੇਤੀਬਾੜੀ ਵਿੱਚ ਜ਼ਹਿਰੀਲੀਆਂ ਦਵਾਈਆਂ ਪਾਉਣ ਨਾਲ ਉਪਜਾਊ ਸ਼ਕਤੀ ਵਿੱਚ ਵਾਧਾ ਹੋਇਆ ਪਰ ਖੇਤੀਬਾੜੀ ਨਾਲ ਜੁੜੇ ਮਿੱਤਰ ਪਸ਼ੂ,ਪੰਛੀ ਤੇ ਜੀਵ ਖ਼ਤਮ ਹੋ ਗਏ। ਦੋ ਫ਼ਸਲੀ ਚੱਕਰ ਨੇ ਪੰਜਾਬ ਨੂੰ ਉਜਾੜਨ ਵਿੱਚ ਵੱਡੀ ਭੂਮਿਕਾ ਨਿਭਾਈ। ਪਹਿਲਾਂ ਜਿਹੜੀਆਂ ਗਿਰਝਾਂ, ਕਾਂ, ਕੁੱਤੇ ਤੇ ਗਿੱਦੜ, ਬਘਿਆੜ ਮੁਰਦਾਰ ਖਾਂਦੇ ਸਨ। ਉਹਨਾਂ ਨੇ ਆਪਣਾ ਰੂਪ ਬਦਲ ਲਿਆ। ਇਹ ਰੂਪ ਬਦਲਣ ਦਾ ਸਿਲਸਿਲਾ ਤਾਂ ਸੱਤਰਵਿਆਂ ਦੇ ਦਹਾਕੇ ਵਿੱਚ ਸ਼ੁਰੂ ਹੋ ਗਿਆ ਸੀ। ਹੋਲ ?ੀ ਹੋਲ ?ੀ ਇਹਨਾਂ ਮਾਸ ਖਾਣਿਆਂ ਨੇ ਆਪਣਾ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਇਹਨਾਂ ਗਿਰਝਾਂ ਤੇ ਬਘਿਆੜਾਂ ਨੇ ਹਰ ਦਿਨ ਸ਼ਿਕਾਰ ਖੇਡਿਆ। ਨੌਜਵਾਨ ਪੁੱਤ ਘਰਾਂ ਵਿੱਚੋਂ ਗਾਇਬ ਹੋਣ ਲੱਗੇ। ਪਿੰਡਾਂ ਤੇ ਸ਼ਹਿਰਾਂ ਦੇ ਸਿਵਿਆਂ ਵਿੱਚ ਮੇਲੇ ਭਰਨ ਲੱਗੇ। ਸਿਵਲ ਹਸਪਤਾਲ ਤੇ ਥਾਣਿਆਂ ਦੇ ਬਾਹਰ ਲੋਕ ਬੇਵੱਸ ਹੋਕੇ ਹੰਝੂ ਵਹਾਉਣ ਲੱਗੇ। ਬਜ਼ੁਰਗਾਂ ਦੀਆਂ ਸੱਥਾਂ, ਘਰਾਂ ਤੇ ਥਾਣਿਆਂ ਵਿੱਚ ਦਾਹੜੀਆਂ ਰੁਲਣ ਲੱਗੀਆਂ। ਲੋਕ ਬੇਵੱਸ ਹੋ ਕੇ ਘਰਾਂ ਵਿੱਚ ਡਰ ਕੇ ਬਹਿ ਗਏ। ਕਿਉਂਕਿ ਜਦੋਂ ਵੀ ਗਿਰਝਾਂ ਤੇ ਬਘਿਆੜਾਂ ਦੀਆਂ ਡਾਰਾਂ ਆਉਂਦੀਆਂ ਤਾਂ ਪਤਾ ਨਹੀਂ ਲੱਗਦਾ ਸੀ, ਕਿਸ ਦੇ ਘਰ ਦਾ ਦੀਵਾ ਗੁੱਲ ਹੋ ਜਾਵੇ। ਇਹਨਾਂ ਗਿਰਝਾਂ ਤੇ ਬਘਿਆੜਾਂ ਦੇ ਵਿੱਚ ਸਿਆਸੀ ਪਾਰਟੀਆਂ ਦੇ ਆਗੂਆਂ, ਅਫਸਰਸ਼ਾਹੀ ਤੇ ਪੁਲਿਸ ਪ੍ਰਸ਼ਾਸਨ ਨੇ ਖੂਬ ਹੱਥ ਰੰਗੇ। ਫ਼ ?ਰੌਤੀਆਂ ਮੰਗਣ ਵਾਲਿਆਂ ਨੇ ਆਪਣੇ ਰੂਪ ਵਟਾ ਕੇ ਆਉਣਾ ਤੇ ਲੁੱਟਮਾਰ ਕਰਕੇ ਚਲੇ ਜਾਣਾ। ਇਸੇ ਦੌਰਾਨ ਦਿੱਲੀ ਦੇ ਧਾੜਵੀਆਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਪੰਜਾਬ ਦੇ ਬੱਤੀ ਹੋਰ ਗੁਰਦੁਆਰਿਆਂ ਉਪਰ ਫੌਜੀ ਹਮਲਾ ਕੀਤਾ।ਇਸ ਫੌਜੀ ਹਮਲੇ ਨੂੰ ਹੋਇਆ ਚਾਰ ਦਹਾਕੇ ਬੀਤ ਗਏ। ਹੁਣ ਇਹਨਾਂ ਗਿਰਝਾਂ ਤੇ ਬਘਿਆੜਾਂ ਨੇ ਧਰਮ, ਰਾਜਨੀਤੀ, ਆਰਥਿਕਤਾ, ਸਮਾਜ, ਸਿਵਲ ਤੇ ਪੁਲਿਸ ਪ੍ਰਸ਼ਾਸਨ ਉਪਰ ਕਬਜ਼ਾ ਕਰ ਲਿਆ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਕੱਖਾਂ ਤੋਂ ਹੌਲੇ ਹੋ ਗਏ। ਪੁਲਿਸ ਨੇ ਹੁਣ ਫੇਰ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਹੈ। ਹਰ ਸ਼ਿਕਾਰ ਖੇਡਣ ਦੀ ਇੱਕੋ ਕਹਾਣੀਆਂ ਮੀਡੀਆ ਵਿੱਚ ਆਉਣ ਲੱਗੀਆਂ। ਜਿਵੇਂ ਚਾਰ ਦਹਾਕੇ ਪਹਿਲਾਂ ਹੁੰਦਾ ਸੀ। ਹੁਣ ਸਮਾਂ, ਸਥਾਨ ਤੇ ਗਿਰਝਾਂ ਬਦਲੀਆਂ ਹਨ। ਦੁਰਘਟਨਾਵਾਂ ਪਹਿਲਾਂ ਵਰਗੀਆਂ ਹੁੰਦੀਆਂ ਹਨ। ਸਿੱਖ ਕੌਮ, ਸਿੱਖ ਪੰਥ ਤੇ ਸਿੱਖ ਜਥੇਬੰਦੀਆਂ ਲੀਹੋਂ ਲਹਿ ਗਈਆਂ ਹਨ। ਸਿਆਸੀ ਪਾਰਟੀਆਂ ਨੇ ਸੱਤਾ ਨੂੰ ਵਪਾਰ ਬਣਾ ਲਿਆ ਹੈ। ਇਹਨਾਂ ਦੀਆਂ ਮਿੱਠੀਆਂ ਗੱਲਾਂ ਬਾਤਾਂ ਵਿੱਚ ਪੰਜਾਬ ਹਰ ਪੰਜ ਸਾਲ ਬਾਅਦ ਰਗੜਿਆ ਜਾਂਦਾ ਹੈ। ਪੰਜਾਬ ਦੇ ਲੋਕਾਂ ਨੂੰ ਡਰਾਉਣ ਲਈ ਸਮੇਂ ਦੀਆਂ ਸਰਕਾਰਾਂ ਨੇ ਡਰ ਦੀ ਅਜਿਹੀ ਫ਼ਸਲ ਬੀਜੀ ਕਿ ਪੰਜਾਬ ਦੇ ਲੋਕਾਂ ਦਾ ਇਸ ਧਰਤੀ ਨਾਲੋਂ ਮੋਹ ਭੰਗ ਹੋਣ ਲੱਗਿਆ। ਨੌਜਵਾਨ ਕਾਨੂੰਨੀ ਤੇ ਗੈਰ ਕਾਨੂੰਨੀ ਪਰਵਾਸ ਕਰਨ ਲੱਗੇ। ਦੂਜੇ ਪਾਸੇ ਪੰਜਾਬ ਵਿੱਚ ਯੋਜਨਾਬੱਧ ਤਰੀਕੇ ਨਾਲ ਪ੍ਰਵਾਸੀ ਭਾਰਤੀਆਂ ਨੂੰ ਪੰਜਾਬ ਵਿੱਚ ਵਸਾਉਣ ਦਾ ਧੰਦਾ ਪੰਜਾਬ ਵਿਰੋਧੀ ਤਾਕਤਾਂ ਨੇ ਸ਼ੁਰੂ ਕਰ ਦਿੱਤਾ। ਪੰਜਾਬ ਦੇ ਲੋਕਾਂ ਨੇ ਕਾਂਗਰਸ ਤੇ ਅਕਾਲੀ ਦਲ ਤੋਂ ਦੁਖੀ ਹੋ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ। ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਅਜਿਹੇ ਸਬਜ਼ਬਾਗ ਦਿਖਾਏ ਪੰਜਾਬੀ ਲਾਜਵੰਤੀ ਦੇ ਬੂਟੇ ਵਾਂਗੂੰ ਛਾਈ ਮਾਈਂ ਹੋ ਗਏ। ਉਹਨਾਂ ਨੇ ਰਿਕਾਰਡ ਤੋੜ ਦਿੱਤਾ। ਆਮ ਆਦਮੀ ਪਾਰਟੀ ਨੂੰ 92 ਸੀਟਾਂ ਜਿੱਤ ਕੇ ਦਿੱਤੀਆਂ ਜਿਹੜੀਆਂ ਹੁਣ 94 ਹੋ ਗਈਆਂ ਹਨ। ਆਮ ਆਦਮੀ ਪਾਰਟੀ ਹੁਣ 95 ਸੀਟਾਂ ਦੇ ਚੱਕਰ ਵਿੱਚ ਪੰਜਾਬ ਦੇ ਲੋਕਾਂ ਦੀ ਚੱਕਰੀ ਘੁੰਮਾ ਰਹੀ ਹੈ। ਪੰਜਾਬ ਦੇ ਇਹ 94 ਵਿਧਾਇਕਾਂ ਉੱਪਰ 125 ਬਘਿਆੜ ਦਿੱਲੀ ਤੋਂ ਲਿਆ ਕੇ ਬਹਾ ਦਿੱਤੇ ਹਨ। ਜਿਹੜੇ ਪੰਜਾਬ ਦੇ ਖ਼ਜ਼ਾਨੇ ਨੂੰ ਅਬਦਾਲੀ ਵਾਂਗੂੰ ਲੁੱਟ ਰਹੇ ਹਨ। ਲੋਕਾਂ ਨੂੰ ਡਰਾਉਣ ਤੇ ਧਮਕਾਉਣ ਲਈ ਪੁਲਿਸ ਨੂੰ ਹਰ ਤਰ੍ਹਾਂ ਦੀ ਛੁੱਟੀ ਦੇ ਦਿੱਤੀ ਹੈ। ਪੰਜਾਬ ਹੁਣ ਭਗਵੰਤ ਮਾਨ ਦੇ ਕਬਜ਼ੇ ਵਿੱਚ ਨਹੀਂ ਸਗੋਂ ਦਿੱਲੀ ਦੇ ਧਾੜਵੀਆਂ ਦੇ ਕਬਜ਼ੇ ਵਿੱਚ ਹੈ। ਉਹ ਹਰ ਖੇਤਰ ਵਿਚ ਆਪਣੀਆਂ ਮਨਮਾਨੀਆਂ ਕਰਦੇ ਹਨ। ਪੁਲਿਸ ਨੇ ਚਾਰ ਦਹਾਕੇ ਪਹਿਲਾਂ ਵਾਲਾ ਰੂਪ ਅਖਤਿਆਰ ਕਰ ਲਿਆ ਹੈ। ਹੁਣ ਘਰਾਂ ਤੋਂ ਬਾਹਰ ਕੰਮ ਕਰਨ ਗਏ ਲੋਕਾਂ ਦਾ ਪਤਾ ਨਹੀਂ ਲੱਗਦਾ ਕਿ ਉਹ ਘਰ ਜਿਉਂਦੇ ਆਉਣ ਜਾਂ ਉਹਨਾਂ ਦੀਆਂ ਲਾਸ਼ਾਂ ਆਉਣ। ਹਰ ਰੋਜ਼ ਹੁੰਦੇ ਝੂਠੇ ਪੁਲਿਸ ਮੁਕਾਬਲਿਆਂ ਦੀਆਂ ਕਹਾਣੀਆਂ ਇਕੋ ਜਿਹੀਆਂ ਹਨ। ਲੋਕਾਂ ਨੂੰ ਲੁੱਟਣ,ਮਾਰਨ ਤੇ ਡਰਾਉਣ ਲਈ ਆਮ ਆਦਮੀ ਪਾਰਟੀ ਦੇ ਵਿਧਾਇਕ ਸਰਗਰਮ ਹਨ। ਮੀਡੀਆ ਵਿੱਚ ਇਹਨਾਂ ਵਲੋਂ ਕੀਤੀਆਂ ਲੁੱਟਾਂ ਖੋਹਾਂ ਤੇ ਮਾਰਨ ਤੇ ਮਰਨ ਲਈ ਮਜਬੂਰ ਕੀਤੇ ਪੰਜਾਬ ਦੇ ਲੋਕਾਂ ਦੀਆਂ ਖਬਰਾਂ ਮੀਡੀਆ ਵਿੱਚ ਆਉਂਦੀਆਂ ਹਨ। ਕਿਸੇ ਦੀ ਕੋਈ ਸੁਣਵਾਈ ਨਹੀਂ, ਪੰਜਾਬ ਦੇ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਆਮ ਲੋਕ ਸਰਕਾਰ ਦੇ ਵਿਰੁੱਧ ਸੜਕਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਬਾਹਰ ਧਰਨੇ ਲਗਾਉਣ ਲਈ ਮਜਬੂਰ ਹਨ। ਪੰਜਾਬ ਦੇ ਲੋਕਾਂ ਦੀ ਜਾਨ ਤੇ ਮਾਲ ਦਾ ਕੋਈ ਵਾਲੀ ਵਾਰਿਸ ਨਹੀਂ। ਪੰਜਾਬ ਦੀਆਂ ਜ਼ਮੀਨਾਂ ਉਪਰ ਕਬਜ਼ਾ ਕਰਨ ਲਈ ਪੰਜਾਬ ਸਰਕਾਰ ਵਲੋਂ ਲੋਕ ਵਿਰੋਧੀ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ। ਲੋਕਾਂ ਨੂੰ ਹੁਣ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਪੰਜਾਬ ਦਾ ਕੋਈ ਇਲਾਕਾ ਇਹੋ ਜਿਹਾ ਨਹੀਂ ਜਿਥੇ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇ ਦੇ ਖ਼ ?ਲਾਫ਼ ਧਰਨਾ ਨਾ ਲੱਗਿਆ ਹੋਵੇ। ਇਸ ਸਮੇਂ ਪੰਜਾਬ ਗਿਰਝਾਂ, ਕੁੱਤਿਆਂ, ਗਿੱਦੜਾਂ ਤੇ ਬਘਿਆੜਾਂ ਦੇ ਕਬਜ਼ੇ ਵਿੱਚ ਜਿਉਂਦੇ ਹੋਣ ਦਾ ਭ੍ਰਮ ਪਾਲੀ ਬੈਠਾ ਹੈ। ਕੁੱਝ ਅਗਾਂਹਵਧੂ ਤੇ ਜਾਗਦੇ ਲੋਕਾਂ ਵਲੋਂ ਇਹਨਾਂ ਧਾੜਵੀਆਂ ਦੇ ਖ਼ ?ਲਾਫ਼ ਜੰਗ ਸ਼ੁਰੂ ਕੀਤੀ ਹੋਈ ਹੈ ਪ੍ਰੰਤੂ ਅਜੇ ਬਹੁਗਿਣਤੀ ਲੋਕਾਂ ਦੀ ਸੋਚ ਇਹ ਹੈ ਕਿ ਆਪਾਂ ਕੀ ਲੈਣਾ ਹੈ। ਅਸਲ ਵਿੱਚ ਉਹਨਾਂ ਘਰਾਂ ਤੱਕ ਅਜੇ ਅੱਗ ਪੁੱਜੀ ਨਹੀਂ ਪਰ ਅੱਗ ਵਿਕਰਾਲ ਰੂਪ ਵਿੱਚ ਆ ਗਈ ਹੈ। ਪੰਜਾਬ ਦੇ ਲੋਕਾਂ ਦਾ ਬਚਾਅ ਕੇਵਲ ਏਕਤਾ ਨਾਲ ਹੋਣਾ ਹੈ। ਪੰਜਾਬ ਦੇ ਅਗਾਂਹਵਧੂ ਸੋਚ ਦੇ ਲੋਕਾਂ ਨੂੰ ਆਪੋ ਆਪਣੀ ਡੱਫਲੀ ਵਜਾਉਣੀ ਬੰਦ ਕਰਕੇ ਇੱਕ ਸਾਂਝਾ ਸੰਘਰਸ਼ ਵਿੱਢਣਾ ਪਵੇਗਾ ਨਹੀਂ ਜਿਸ ਰਫ਼ਤਾਰ ਨਾਲ ਧਾੜਵੀਆਂ ਨੇ ਹੱਲਾ ਬੋਲਿਆ ਹੈ ਇਸ ਦੀ ਲਪੇਟ ਵਿੱਚ ਹਰ ਘਰ ਤੇ ਪੰਜਾਬੀ ਆਵੇਗਾ। ਹੁਣ ਪੰਜਾਬ ਦੇ ਲੋਕਾਂ ਨੇ ਬਦਲਾਅ ਦਾ ਅਸਲੀ ਚਿਹਰਾ ਦੇਖ ਲਿਆ ਹੈ। ਹੁਣ ਇਸ ਤੋਂ ਬਾਅਦ ਰੱਬ ਦਾ ਭਾਣਾ ਮੰਨਣ ਲਈ ਤਿਆਰ ਰਹੋ। ਪੰਜਾਬ ਹੁਣ ਗਿਰਝਾਂ, ਬਘਿਆੜਾਂ ਤੇ ਕੁੱਤਿਆਂ ਦੇ ਕਬਜ਼ੇ ਹੇਠ ਆ ਗਿਆ ਹੈ। ਦੇਖਦੇ ਹਾਂ ਕਿ ਸੂਰਮਿਆਂ ਦੇ ਵਾਰਿਸ ਕੀ ਧੋਬੀ ਪਟੜਾ ਮਾਰਦੇ ਹਨ ?

**ਬੁੱਧ ਸਿੰਘ ਨੀਲੋਂ**

# ਤਰਕਸ਼ੀਲ ਸੋਚ ਸਮਾਜ ਦੀ ਅਸਲ ਲੋੜ



**ਮੰਜੂ ਰਾਇਕਾ**

ਅਸੀਂ ਇੱਕ ਅਜਿਹੇ ਸਮਾਜ ਵਿੱਚ ਰਹਿ ਰਹੇ ਹਾਂ।ਜਿੱਥੇ ਅਕਸਰ ਗੱਲਾਂ ਤਰਕ ਨਾਲ ਨਹੀਂ, ਸਗੋਂ ਭੀੜ ਦੀ ਸੋਚ ਨਾਲ ਕੀਤੀਆਂ ਜਾਂਦੀਆਂ ਹਨ। ਜਿੱਥੇ ਲੋਕ ਸੱਚ ਦੇ ਪਿੱਛੇ ਨਹੀਂ ਜਾਂਦੇ, ਸਗੋਂ ਜੋ ਸਭ ਕਰ ਰਹੇ ਨੇ, ਉਹੀ ਕਰਨਾ ਚੰਗਾ ਸਮਝਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਕੱਢਣ ਦਾ ਰਾਹ ਹੈ ।ਤਰਕਸ਼ੀਲਤਾ।

ਤਰਕਸ਼ੀਲ ਹੋਣਾ ਮਤਲਬ ਹੈ ਕਿਸੇ ਵੀ ਗੱਲ ਨੂੰ ਮਨਣ ਤੱਕ ਲੈ ਜਾਣਾ, ਸੋਚਣਾ, ਪਰਖਣਾ ਅਤੇ ਤੱਥਾਂ ਦੇ ਆਧਾਰ 'ਤੇ ਫੈਸਲਾ ਲੈਣਾ। ਅੰਧ ਵਿਸ਼ਵਾਸ, ਝੂਠੀ ਰੀਤੀ ਰਿਵਾਜ਼, ਜਾਂ ਸਿਰਫ਼ ਸਦੀਆਂ ਤੋਂ ਚੱਲੇ ਆ ਰਹੇ ਹਨ ।ਰਿਵਾਜਾਂ ਨੂੰ ਤੱਤ ਸਮਝ ਕੇ ਮੰਨ ਲੈਣਾ। ਇਹ ਅਸਲ ਵਿਚ ਮੂਰਖਤਾ ਦੀ ਹੈ।

ਅੱਜਕੇ ਸਮੇਂ ਕਈ ਲੋਕ ਇਹਨਾਂ ਹੀ ਗੱਲਾਂ ਦਾ ਫਾਇਦਾ ਉਠਾਉਂਦੇ ਹਨ। ਅਸੀਂ ਆਪਣੇ ਸਮਾਜ ਵਿਚ ਵੇਖਦੇ ਹਾਂ ਕਿ ਕਈ ਥਾਵਾਂ ਤੇ ਲੋਕ ਅਸਲੀ ਦਵਾਈ ਦੀ ਥਾਂ ਢੌਂਗੀ ਬਾਬਿਆਂ ਕੋਲ ਜਾਂਦੇ ਹਨ। ਕਿਸੇ ਦੀ ਮੌਤ ਹੋ ਜਾਵੇ, ਤਾਂ ਕਈ ਥਾਵਾਂ ਤੇ ਇਸਨੂੰ ਭੂਤ-ਪ੍ਰੇਤ ਦਾ ਸਾਇਆ ਕਹਿ ਦਿੰਦੇ ਹਨ। ਇਸ ਤਰ੍ਹਾਂ ਦੀ ਸੋਚ, ਸਮਾਜ ਨੂੰ ਅੱਗੇ ਨਹੀਂ ਵਧਾਉਂਦੀ। ਇਹ ਰੋਕ ਦਿੰਦੀ ਹੈ।

ਤਰਕਸ਼ੀਲਤਾ ਦੀ ਸ਼ੁਰੂਆਤ ਸਿੱਖਿਆ ਤੋਂ ਹੁੰਦੀ ਹੈ। ਜਦ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਵਾਲ ਪੁੱਛਣ ਦੀ ਆਜ਼ਾਦੀ ਮਿਲੇ, ਤੇ ਉਹਨਾਂ ਨੂੰ ਸਿਖਾਇਆ ਜਾਵੇ ਕਿ ਹਰ ਗੱਲ ਦਾ ਤੱਥ ਹੁੰਦਾ ਹੈ। ਉਦੋਂ ਹੀ ਇੱਕ ਤਰਕਸ਼ੀਲ ਪੀੜ੍ਹੀ ਤਿਆਰ ਹੋਵੇਗੀ।

ਨੌਜਵਾਨਾਂ ਵਿੱਚ ਤਰਕਸ਼ੀਲਤਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਉਹ ਦੌਰ ਹੁੰਦਾ ਹੈ ਜਿੱਥੇ ਮਨੁੱਖ ਆਪਣੇ ਫੈਸਲੇ ਖ਼ੁਦ ਲੈਂਦਾ ਹੈ। ਜੇ ਅਸੀਂ ਨੌਜਵਾਨਾਂ ਵਿੱਚ ਹੀ ਸੋਚਣ, ਸਮਝਣ ਅਤੇ ਤਰਕ ਕਰਨ ਦੀ ਆਦਤ ਪਾ ਲਈ, ਤਾਂ ਨਾ ਸਿਰਫ਼ ਆਪਣਾ ਜੀਵਨ, ਸਗੋਂ ਪੂਰਾ ਸਮਾਜ ਬਦਲ ਸਕਦੇ ਹਾਂ।

ਤਰਕਸ਼ੀਲਤਾ ਕਦੇ ਵੀ ਸਿਰਫ਼ ਧਰਮ ਜਾਂ ਰੀਤੀਆਂ ਦਾ ਵਿਰੋਧ ਨਹੀਂ, ਇਹ ਤਾਂ ਸਚ ਦੀ ਪਿੱਛਾ ਹੈ। ਇਹ ਮਨੁੱਖੀ ਅਧਿਕਾਰ ਹੈ। ਸੋਚਣ ਦਾ, ਜਾਣਣ ਦਾ, ਤੇ ਫੈਸਲਾ ਕਰਨ ਦਾ। ਜੇ ਅਸੀਂ ਇੱਕ ਤਰਕਸ਼ੀਲ ਸਮਾਜ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਪੜ੍ਹਨ ਨਾਲ ਜ਼ਿਆਦਾ ਸੋਚਣਾ ਸਿੱਖਣਾ ਪਵੇਗਾ।

# ਗਲਾਈਸੇਮਿਕ ਇੰਡੈਕਸ (79) ਅਤੇ ਮਧੁਮੇਹ ਰੋਗ

79 ਇੱਕ ਰੇਟਿੰਗ ਸਿਸਟਮ ਹੈ ਜੋ ਕਾਰਬੋਹਾਈਡਰੇਟਸ ਨੂੰ 1 ਤੋਂ 100 ਦੇ ਪੈਮਾਨੇ 'ਤੇ ਦਰਜਾ ਦਿੰਦਾ ਹੈ ਜਿਸ ਦੇ ਆਧਾਰ 'ਤੇ ਇਹ ਦੇਖਿਆ ਜਾਂਦਾ ਹੈ ਕਿ ਉਹ ਬਲੱਡ ਸ਼ੂਗਰ ਨੂੰ ਕਿੰਨਾ ਵਧਾਉਂਦੇ ਹਨ।

ਬਲੱਡ ਸ਼ੂਗਰ ਉਹ ਬਾਲਣ ਹੈ ਜੋ ਸਰੀਰ ਵਿੱਚ ਕੋਸ਼ਿਕਾਵਾਂ ਦੁਆਰਾ ਊਰਜਾ ਲਈ ਵਰਤਿਆ ਜਾਂਦਾ ਹੈ। ਉਹ ਕਾਰਬੋਹਾਈਡਰੇਟ ਜੋ ਤੇਜ਼ੀ ਨਾਲ ਪਚਦੇ ਹਨ ਅਤੇ ਜਲਦੀ ਬਲੱਡ ਗਲੂਕੋਜ਼ ਵਿੱਚ ਤਬਦੀਲ ਹੁੰਦੇ ਹਨ, ਉਨ੍ਹਾਂ ਨੂੰ ਉੱਚ ਗਲਾਈਸੇਮਿਕ ਇੰਡੈਕਸ (79) ਵਾਲੇ ਖਾਣੇ ਦੇ ਤੌਰ 'ਤੇ ਦਰਜਾ ਦਿੱਤਾ ਜਾਂਦਾ ਹੈ, ਜਦਕਿ ਉਹ ਕਾਰਬੋਹਾਈਡਰੇਟ ਜੋ ਹੌਲੀ-ਹੌਲੀ ਪਚਦੇ ਹਨ ਅਤੇ ਬਲੱਡ ਗਲੂਕੋਜ਼ ਵਿੱਚ ਤਬਦੀਲ ਹੁੰਦੇ ਹਨ, ਉਨ੍ਹਾਂ ਦਾ ਗਲਾਈਸੇਮਿਕ ਇੰਡੈਕਸ ਘੱਟ ਹੁੰਦਾ ਹੈ। ਉੱਚ 79 ਵਾਲੇ ਖਾਣੇ ਖਾਣ ਨਾਲ ਬਲੱਡ ਸ਼ੂਗਰ ਵਿੱਚ ਅਸਮਾਨਤਾ ਆ ਸਕਦੀ ਹੈ, ਜਿਸ ਨਾਲ ਹੋਰ ਸਰੀਰਕ ਸਮੱਸਿਆਵਾਂ ਜਿਵੇਂ ਕਿ ਥਕਾਵਟ, ਮਿੱਠੇ ਦੀ ਖ਼ਾਹਿਸ਼ ਅਤੇ ਵਧੀਕ ਭੁੱਖ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਉੱਚ ਤਰੀਕੇ ਨਾਲ ਪ੍ਰਕਿਰਿਆ ਕੀਤੇ ਗਏ ਖਾਣੇ, ਜਿਵੇਂ ਕਿ ਸਫੈਦ ਰੋਟੀ, ਵਿੱਚ ਉੱਚ ਗਲਾਈਸੇਮਿਕ ਇੰਡੈਕਸ (79) ਹੁੰਦਾ ਹੈ, ਜਦਕਿ ਕੁਦਰਤੀ ਫਲ, ਸਬਜ਼ੀਆਂ ਅਤੇ ਅਣਪ੍ਰਕਿਰਿਆ ਕੀਤੇ ਅਨਾਜ ਵਿੱਚ ਨੀਵਾਂ 79 ਹੁੰਦਾ ਹੈ। ਉੱਚ 79 ਵਾਲੇ ਆਹਾਰਾਂ ਦਾ ਵਧੀਕ ਪ੍ਰਯੋਗ ਮੋਟਾਪਾ, ਉੱਚ ਕੋਲੇਸਟਰੋਲ, ਦਿਲ ਦੀਆਂ ਬਿਮਾਰੀਆਂ, ਇੰਸੁਲਿਨ ਪ੍ਰਤੀਰੋਧ, ਪੇਟ ਦੇ ਚਰਬੀ ਵਿੱਚ ਵਾਧਾ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਦੂਜੀ ਪਾਸੇ, ਨੀਵਾਂ 79 ਆਹਾਰ ਭਾਰ ਘਟਾਉਣ ਅਤੇ ਮੈਟਾਬੋਲਿਜਮ ਨੂੰ ਵਧਾਉਣ ਵਿੱਚ ਸਹਾਇਤਾ ਕਰ ਸਕਦਾ ਹੈ, ਜਿਸ ਨਾਲ ਮਨੋਭਾਵ ਅਤੇ ਊਰਜਾ ਦੀ ਪੱਧਰ ਵਿੱਚ ਸੁਧਾਰ ਹੁੰਦਾ ਹੈ ਘੱਟ ਔਸਤ ਗਲਾਈਸੇਮਿਕ ਇੰਡੈਕਸ (79) ਵਾਲਾ ਆਹਾਰ ਖਾਣ ਨਾਲ ਕਿਸੇ ਵਿਅਕਤੀ ਵਿੱਚ ਸ਼ੂਗਰ ਅਤੇ ਦਿਲ ਦੀ ਬਿਮਾਰੀ ਵਿਕਾਸ ਕਰਨ ਦਾ ਖਤਰਾ ਘਟ ਸਕਦਾ ਹੈ। ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਲੰਬੇ ਸਮੇਂ ਦੀਆਂ ਬਿਮਾਰੀਆਂ ਹਨ, ਉਨ੍ਹਾਂ ਲਈ ਘੱਟ 79 ਵਾਲਾ ਆਹਾਰ ਜਟਿਲਤਾਵਾਂ ਦੇ ਖਤਰੇ ਨੂੰ ਘਟਾ ਸਕਦਾ ਹੈ ਅਤੇ ਰਕਤ ਗਲੂਕੋਜ਼ ਦੇ ਉੱਚੇ ਪੱਧਰ ਤੋਂ ਬਚਾਉਂਦਾ ਹੈ।

ਗਲਾਈਸੇਮਿਕ ਇੰਡੈਕਸ ਦੇ ਫਾਇਦੇ ਹਨ, ਪਰ ਇਹ ਕੁਝ ਚੁਣੌਤੀਆਂ ਵੀ ਪੈਦਾ ਕਰਦਾ ਹੈ, ਜਿਵੇਂ ਕਿ:

1. ਇਹ ਨਹੀਂ ਦਿਖਾਉਂਦਾ ਕਿ ਖੁਰਾਕਾਂ ਦੇ ਸੰਯੋਜਨ ਕਿਸ ਤਰ੍ਹਾਂ ਰਕਤ ਸ਼ੂਗਰ 'ਤੇ ਵੱਖਰੇ ਤਰੀਕੇ ਨਾਲ ਪ੍ਰਭਾਵ ਪਾਉਂਦੇ ਹਨ।
2. 79 ਉਨ੍ਹਾਂ ਗੱਲਾਂ ਤੇ ਬਹੁਤਾ ਗੌਰ ਨਹੀ ਕਰਦਾ ਜੋ ਰਕਤ ਸ਼ੂਗਰ 'ਤੇ ਪ੍ਰਭਾਵ ਪਾ ਸਕਦੀਆਂ ਹਨ।
3. ਇਹ ਸਿਰਫ ਉਨ੍ਹਾਂ ਖੁਰਾਕਾਂ ਨੂੰ ਮਾਪਦਾ ਹੈ ਜਿਨ੍ਹਾਂ ਵਿੱਚ ਕਾਰਬੋਹਾਈਡਰੇਟ ਦੀ ਉੱਚ ਮਾਤਰਾ ਹੁੰਦੀ ਹੈ। ਇਹ ਉਹਨਾਂ ਖੁਰਾਕਾਂ ਨੂੰ ਸ਼ਾਮਲ ਨਹੀਂ ਕਰਦਾ ਜਿਨ੍ਹਾਂ ਵਿੱਚ ਘੱਟ ਕਾਰਬੋਹਾਈਡਰੇਟ ਜਾਂ ਕੋਈ ਕਾਰਬੋਹਾਈਡਰੇਟ ਨਹੀਂ ਹੁੰਦੇ।

**ਸੁਰਿੰਦਰਪਾਲ ਸਿੰਘ**
**ਅੰਮ੍ਰਿਤਸਰ**

# ਸੱਚੋ ਸੱਚ / ਸਾਧੂ ਦੀ ਪਹਿਚਾਣ

ਕਰੋਨਾ ਦੇ ਡਰਾਉਣੇ ਵਕਤ ਇੱਕ ਤਾਂ ਲੋਕ ਕਦਰਤੀ ਤੌਰ 'ਤੇ ਡਰ ਚੁੱਕੇ ਸਨ ਤੇ ਬਚਦੀ ਕਸਰ ਕੇਂਦਰ ਦੀ ਮੋਦੀ ਸਰਕਾਰ ਪੂਰੀ ਕਰ ਰਹੀ ਸੀ। ਅਸਲ ਵਿੱਚ ਉਹ ਅਧੂਰੇ ਸਾਜੋ-ਸਮਾਨ ਨਾਲ ਕਰੋਨਾ ਯੁੱਧ ਵਿੱਚ ਨਿੱਤਰੀ ਸੀ ਭਾਵੇਂ ਕਿ ਬਾਅਦ ਵਿੱਚ ਹਥਿਆਰਾਂ ਨਾਲ ਲੈੱਸ ਹੋ ਗਈ ਸੀ। ਕੇਂਦਰ ਸਰਕਾਰ ਦੇ ਮੁਖੀ ਨੇ ਸਾਡੇ ਭੋਲੇ -ਭਾਲੇ ਲੋਕ ਕਰੋਨਾ ਗ੍ਰਸਤ ਅੰਧਵਿਸ਼ਵਾਸ ਦੀ ਭੱਠੀ ਵੱਲ ਵੀ ਧਕੇਲੇ । 'ਨੇਰ੍ਹੇ 'ਚ ਰੱਖਣ ਵਾਲਾ ਸਰਕਾਰੀ ਪ੍ਰਚਾਰ ਵੀ ਵੱਡੇ ਪੱਧਰ 'ਤੇ ਹੁੰਦਾ ਰਿਹਾ।

ਇਹੀ ਹਾਲ ਭਗਵੇਂ ਕੱਪੜੇ ਵਾਲਿਆਂ ਦਾ ਸੀ। ਜਾਣੀਕਿ ਸਾਧੂਆਂ ਦਾ। ਉਹ ਵੀ ਪ੍ਰਚਾਰ ਰਾਹੀਂ ਲੋਕਾਂ ਨੂੰ ਜਾਗਰੂਕ ਕਰ ਰਹੇ ਸਨ। ਉਹ ਦੱਸ ਰਹੇ ਸਨ ਕਿ ਕਿਹੜੇ-ਕਿਹੜੇ ਨਿਯਮ ਅਪਨਾਕੇ ਇਸ ਮਹਾਂਮਾਰੀ ਤੋਂ ਬਚਿਆ ਜਾ ਸਕਦਾ ਹੈ ਤੇ ਜੇ ਕੋਈ ਏਸ ਮਹਾਂਮਾਰੀ ਦੀ ਲਪੇਟ ਵਿਚ ਆ ਵੀ ਜਾਵੇ ਤਾਂ ਉਸ ਦਾ ਇਲਾਜ ਕਿਵੇਂ ਹੋਣਾ ਹੈ।

ਸ਼ਹਿਰ ਦੇ ਕੁੱਝ ਸਮਾਜ ਸੇਵੀਆਂ ਦੀ ਇੱਕ ਸੰਸਥਾ ਚੱਲ ਰਹੀ ਸੀ ਜਿੱਥੇ ਲੋੜਵੰਦ ਪੀੜਤਾਂ ਨੂੰ ਮੁਢਲੀਆਂ ਡਾਕਟਰੀ ਸਹੂਲਤਾਂ ਮੁਫ਼ਤ ਮੁੱਹਈਆ ਕਰਵਾਈਆਂ ਜਾਂਦੀਆਂ ਸਨ। ਇਨ੍ਹਾਂ ਸਮਾਜ ਸੇਵਕਾਂ ਨੇ ਕਰੋਨਾ ਦੀ ਲਹਿਰ ਤੋਂ ਲੋਕਾਂ ਨੂੰ ਬਚਾਉਣ ਲਈ ਆਪਣੇ ਪੱਧਰ 'ਤੇ ਮੁਹਿੰਮ ਵਿੱਢੀ। ਪੀੜਤਾਂ ਨੂੰ ਇਕਾਂਤਵਾਸ ਕਰਨ ਲਈ ਸੌ ਬਿਸਤਰਿਆਂ ਵਾਲਾ ਇਕ ਵਾਟਰ ਪਰੂਫ ਹਾਲ ਤਿਆਰ ਕਰਵਾਇਆ ਗਿਆ ਤੇ ਸਥਿਤੀ ਅਨੁਸਾਰ ਡਾਕਟਰ ਤੇ ਦਵਾਈਆਂ ਵੀ ਦਾਨੀ ਸੱਜਣਾਂ ਵੱਲੋਂ ਭਿਜਵਾ ਦਿੱਤੇ ਗਏ।

ਸਾਰਾ ਕੁੱਝ ਮੁਕੰਮਲ ਹੋਣ ਉਪਰੰਤ ਇਸ ਮਾਮਲੇ 'ਤੇ ਵਿਚਾਰ ਚਲੀ ਕਿ ਇਸ ਦਾ ਉਦਘਾਟਨ ਕਿਸੇ ਸਾਧ/ਸੰਤ ਤੋਂ ਕਰਵਾਇਆ ਜਾਵੇ। ਜੰਗਲੀ ਏਰੀਏ ਵਿੱਚ ਇੱਕ ਕੁਟੀਆ 'ਚ ਰਹਿ ਰਹੇ ਸਾਧੂ ਕੋਲ ਟਰੱਸਟ ਦੇ ਸਾਰੇ ਅਹੁਦੇਦਾਰ ਚਲੇ ਗਏ। ਹਰੇਕ ਨੇ ਆਪੋ-ਆਪਣੇ ਮੂੰਹ 'ਤੇ ਮਾਸਿਕ ਬੰਨ੍ਹੇ ਹੋਏ ਸਨ। ਅਹੁਦੇਦਾਰਾਂ ਬੇਨਤੀ ਕੀਤੀ ਤੇ ਅਗਲੀ ਸਵੇਰ ਕਰੋਨਾ ਹਸਪਤਾਲ ਦੇ ਮਹੂਰਤ 'ਚ ਆਉਣ ਲਈ ਆਖਿਆ। ਸਾਧੂ ਮਹਾਤਮਾ ਨੇ ਉਨ੍ਹਾਂ ਦੀ ਬੇਨਤੀ ਸੁਣੀ ਤੇ ਗੱਦੀ 'ਤੇ ਬੈਠ ਸੋਚਣ ਲੱਗ ਪਏ। ਕਾਫੀ ਸਮੇਂ ਮਗਰੋਂ ਉਨ੍ਹਾਂ ਦੇ ਮੁਖਾਰਬਿੰਦ 'ਚੋਂ ਇਹ ਬਚਨ ਨਿੱਕਲੇ ,÷ ਮਹਾਂਮਾਰੀ ਸਿਖ਼ਰ 'ਤੇ ਹੈ ਤੇ ਇਸ ਨੇ ਮਨੁੱਖਤਾ ਦਾ ਜਾਨੀ-ਮਾਲੀ ਨੁਕਸਾਨ ਬਹੁਤ ਕਰ ਦਿੱਤਾ ਹੈ। ਸਰਕਾਰ ਕੋਲ ਵੀ ਲੋੜੀਂਦੇ ਹਥਿਆਰ ਨਹੀਂ ਹਨ ਤੇ ਉਹ ਹਵਾ 'ਚ ਤਲਵਾਰਾਂ ਮਾਰ ਰਹੀ ਐ। ਅਸੀਂ ਇਸ ਵਕਤ ਤਾਂ ਤੁਹਾਡੇ ਨਾਲ ਚੱਲ ਨਹੀਂ ਸਕਾਂਗੇ......ਡਟ ਕੇ ਸੇਵਾ ਕਰੋ ਤੇ ਉਨ੍ਹਾਂ ਨੂੰ ਪ੍ਰਹੇਜ਼ ਲਈ ਪ੍ਰੇਰੋ। ਤੁਸੀਂ ਆਪਣੇ ਵੱਲੋ੍ਹ ਪੂਰਾ ਜ਼ੋਰ ਲਗਾਓ ਤੇ ਮੈਂ ਥੋਨੂੰ ਯਕੀਨ ਦਿਵਾਉਂਦਾ ਹਾਂ ਕਿ ਇੱਕ ਮਹੀਨੇ ਬਾਅਦ ਇਸ ਮਹਾਂਮਾਰੀ ਦਾ ਪ੍ਰਕੋਪ ਖਤਮ ਹੋ ਜਾਵੇਗਾ। ..................ਫਿਰ ਉਦੋਂ ਚੱਲਾਂਗਾ ਮੈਂ ਤੁਹਾਡੇ ਨਾਲ , ਬਹੁਤ ਖ਼ੁਸ਼ੀ ਨਾਲ , ਤੇ ਆਪਾਂ ਇਸ ਮਹਾਂਮਾਰੀ 'ਤੇ ਜਿੱਤ ਦਾ ਜਸ਼ਨ ਮਨਾ ਕਿ ਬਣਾਈ ਗਈ ਸੰਸਥਾ ਬੰਦ ਕਰਾਂਗੇ। ਉਦੋਂ ਆਪਾਂ ਨੂੰ ਸਭ ਨੂੰ ਖ਼ੁਸ਼ੀ ਹੋਵੇਗੀ ਕਿ ਅਸੀਂ ਕਰੋਨਾ ਮਹਾਂਮਾਰੀ ਦੀ ਲੜਾਈ ਜਿੱਤ ਲਈ ਹੈ।

ਸੋ ਜਾਓ, ਤੇ ਰੁਝ ਜਾਓ।"

ਸਮਾਜ ਸੇਵੀ ਸੰਸਥਾ ਦੇ ਅਹੁਦੇਦਾਰਾਂ ਨੂੰ ਸਾਧੂ ਦੇ ਬਚਨ ਬਹੁਤ ਪਿਆਰੇ ਲੱਗੇ। ਆਗਿਆ ਲੈ ਉਹ ਆ ਗਏੇ ਤੇ ਲੋਕਾਂ ਦੀ ਸਾਂਭ-ਸੰਭਾਲ 'ਚ ਜੁਟ ਗਏ।

ਸਾਧ ਜਾਂ ਬਾਬੇ ਅੱਜ ਵੀ ਬਥੇਰੇ ਹਨ ਜਿਹੜੇ ਮਹੂਰਤਾਂ ਦੇ ਉਦਘਾਟਨਾਂ ਨੂੰ ਵਿਆਹਾਂ ਵਾਂਗੂੰ ਉਡੀਕਿਆ ਕਰਦੇ ਹਨ।

ਸਾਧੂ ਤਾਂ ਅਜਿਹੇ ਵੀ ਮਿਲ ਜਾਂਦੇ ਹਨ ਜਿਹੜੇ ਪਹਿਲਾਂ ਪੱਲਿਓਂ ਪੈਸੇ ਦੇ ਕੇ ਪਰਚੀ ਕਟਵਾਉਂਦੇ ਹਨ ਤੇ ਫਿਰ ਉਦਘਾਟਨ ਕਰਦੇ ਹਨ। ਅੱਜ ਦੇ ਸਮੇਂ ਰੇਡੀਮੇਡ ਅਤੇ ਅਸਲੀ ਸਾਧੂ ਵਿਚਲਾ ਫ਼ਰਕ ਕੱਢਣਾ ਸੌਖਾ ਕੰਮ ਨਹੀਂ ਹੈ।

**ਰਣਜੀਤ ਸਿੰਘ ਨੂਰਪੁਰਾ**

# ਸਬਰ ਅਤੇ ਸ਼ੁਕਰ

ਰੱਬ ਦੀ ਨਿਆਮਤਾਂ ਵੱਲ ਸਾਡਾ ਕਦੇ ਧਿਆਨ ਨਹੀਂ ਜਾਂਦਾ ਕਿਉਂਕਿ ਇਨਸਾਨ ਆਪਣੀ ਇਨਸਾਨੀਅਤ ਭੁੱਲ ਜਾਂਦਾ ਹੈ੍ਰ ਅਸੀਂ ਕਦੇ ਕਿਉਂ ਨਹੀਂ ਸ਼ੁਕਰਾਨੇ ਵਿੱਚ ਰੱਬ ਦੇ ਅੱਗੇ ਹੱਥ ਜੋੜਦੇ੍ਰ ਕਦੀ ਰੱਬ ਦੀ ਦਿੱਤੀਆਂ ਦਾਤਾਂ ਦਾ ਸ਼ੁਕਰ ਕਰਕੇ ਦੇਖੀਏ੍ਰ ਹਰ ਮਨੁੱਖ ਸ਼ਿਕਾਇਤਾਂ ਨਾਲ ਭਰਿਆ ਹੋਇਆ ਹੈ੍ਰ ਇਹ ਸ਼ਿਕਵੇ ਇਨਸਾਨ ਦੇ ਵੱਖਰੋ ਵੱਖਰੇ ਨੇ ਕਿਸੇ ਕੋਲ ਗਰੀਬੀ ਦਾ ਰੋਣਾ ;ਕਦੇ ਕੋਈ ਕੰਮ ਨਹੀਂ ਸਿਰੇ ਚੜ ਰਿਹਾ੍ਰ ਗੁਰੂ ਘਰ ਜਾਣੇ ਆਂ ਅਸੀਂ ਸਾਰੇ ਵਪਾਰੀ ਬਣ ਕੇ ਜਿਵੇਂ ਸਾਡੇ ਵਿੱਚ ਕੋਈ ਸੌਦੇਬਾਜੀ ਹੋਈ ਹੋਵੇ ਉਸ ਰੱਬ ਨਾਲ੍ਰ ਕਦੇ ਵਾਹਿਗੁਰੂ ਦਾ ਸ਼ੁਕਰ ਕਰਨ ਜਾਂਦੇ ਹੀ ਨਹੀ੍ਰਂਅਸੀਂ ਭੁੱਲ ਜਾਂਦੇ ਹਾਂ ਉਹ ਦੇ ਰਿਹਾ ਹੈ ਤੇ ਹਰ ਵਕਤ ਸਾਨੂੰ ਦਈ ਜਾ ਰਿਹਾ ਹੈ੍ਰ ਪੁੱਛ ਕੇ ਤਾਂ ਦੇਖੋ ਇੱਕ ਬਿਮਾਰ ਬੰਦੇ ਨੂੰ ਕਿ ਉਸ ਦੇ ਦਿੱਤੇ ਸਾਹਾਂ ਦੀ ਕੀਮਤ ਕੀ ਹੈ੍ਰ ਉਹ ਸਾਨੂੰ ਰੋਜ਼ ਜਿਉਂਦਿਆਂ ਉਠਾ ਦਿੰਦਾ ਹੈ ਹਾਲਾਂਕਿ ਲੱਖਾਂ ਲੋਕਾਂ ਨੂੰ ਅਗਲੀ ਸਵੇਰ ਦੇਖਣ ਨੂੰ ਵੀ ਨਹੀਂ ਮਿਲਦੀ ਉਹ ਸਾਨੂੰ ਮੁਫਤ ਵਿੱਚ ਆਕਸੀਜਨ ਪਾਣੀ ਦੇ ਰਿਹਾ ਹੈ ਫਿਰ ਵੀ ਅਸੀਂ ਸ਼ੁਕਰ ਨਹੀਂ ਕਰਦੇ੍ਰਦੂਜਾ ਪੜਆ ਕਿ ਜਦੋਂ ਤੱਕ ਇੱਕ ਬੰਦੇ ਨੂੰ ਸਬਰ ਕਰਨਾ ਆ ਗਿਆ ਸ਼ੁਕਰਾਨਾ ਕਰਨਾ ਆਪਣੇ ਆਪ ਹੀ ਆ ਜਾਂਦਾ ਹੈ੍ਰਹੁਣ ਸਵਾਲ ਆ ਜਾਂਦਾ ਹੈ ਕਿ ਸਬਰ ਕਦੋਂ ਆਉਂਦਾ ਹੈ? ਇਹ ਗੁਣ ਬੰਦੇ ਦੇ ਅੰਦਰ ਆਉਂਦਾ ਜਦੋਂ ਇਨਸਾਨ ਰੱਬ ਦਾ ਹਰ ਇੱਕ ਚੀਜ਼ ਜੋ ਉਸਨੇ ਬਖਸ਼ੀ ਹੈ ਉਸ ਦਾ ਸ਼ੁਕਰਾਨਾ ਕਰਨਾ ਸਿੱਖ ਜਾਵੇ੍ਰਨਿਮਾਣਾ ਹੋ ਕੇ ਉਸ ਵਾਹਿਗੁਰੂ ਅੱਗੇ ਝੁਕ ਜਾਵੇ੍ਰ ਪੰਜ ਵਿਕਾਰਾਂ ਨੂੰ ਛੱਡ ਦੇਵੇ੍ਰਆਪਣਾ ਆਪ ਪਰਮ ਪਿਤਾ ਪਰਮਾਤਮਾ ਅੱਗੇ ਵਾਰ ਦੇਵੇ੍ਰਜੇ ਇਨਸਾਨ ਨੂੰ ਸੰਤੋਖ ਨਾਲ ਜਿਉਣ ਦੀ ਜਾਂਚ ਆ ਜਾਵੇ ਤਾਂ ਉਹ ਵੱਡੀ ਤੋਂ ਵੱਡੀ ਮੁਸੀਬਤ ਨਾਲ ਲੜਨ ਦੇ ਸਮਰੱਥ ਹੋ ਜਾਂਦਾ ਹੈ੍ਰਫਿਰ ਉਹ ਪਾਉਣ ਤੇ ਗਵਾਚਣ ਦੇ ਡਰ ਤੋਂ ਉੱਪਰ ਉੱਠ ਜਾਂਦਾ ਹੈ ਉਹ ਸੁੱਖ ਦੁੱਖ ਤੋਂ ਨਿਰਲੇਪ ਹੋ ਕੇ ਜ਼ਿੰਦਗੀ ਜਿਉਣ ਦੀ ਜਾਂਚ ਸਿੱਖ ਜਾਂਦਾ ਹੈ ਜੋ ਕਿ ਅਸਲ ਸ਼ਾਂਤੀ ਦਾ ਮਿਆਰ ਬਣਦੀ ਹੈ੍ਰਸ਼ੁਕਰਾਨਾ ਕਰੋ ਜਿਸ ਪਰਮ ਪਿਤਾ ਪਰਮਾਤਮਾ ਨੇ ਸਾਨੂੰ ਬਹੁਤ ਸੋਹਣੀ ਸਵੇਰ ਦੇਖਣ ਦਾ ਮੌਕਾ ਦਿੱਤਾ੍ਰ ਕਈ ਮਨੁੱਖ ਤਾਂ ਦਿਨ ਦੀ ਰੌਸ਼ਨੀ ਵੇਖ ਹੀ ਨਹੀਂ ਸਕਦੇ੍ਰਸੋ ਕਹਿਣ ਦਾ ਭਾਵ ਹਰ ਚਲਦੇ ਸਾਹ ਨਾਲ ਉਸ ਪਰਮਾਤਮਾ ਦਾ ਸ਼ੁਕਰ੍ਰਪਰ ਇਹ ਵਾਹਿਗੁਰੂ ਦੀ ਕਿਰਪਾ ਨਾਲ ਤਾਂ ਹੀ ਸੰਭਵ ਹੈ ਜਦੋਂ ਅਸੀਂ ਖੁਦ ਸ਼ਨਾਸੀ (ਆਪਣੇ ਆਪ ਨੂੰ ਜਾਨਣਾ) ਕਰਾਂਗੇ੍ਰਜਦੋਂ ਅਸੀਂ ਆਪਣੇ ਆਪ ਨੂੰ ਫਰੋਲਾਂਗੇ ਤਾਂ ਹੀ ਆਪਣੇ ਜੀਵਨ ਵਿੱਚ ਇਸਲਾਹ (ਸੁਧਾਰ) ਕਰਾਂਗੇ੍ਰਜਦੋਂ ਅਸੀਂ ਇਸ ਰੱਬ ਅੱਗੇ ਆਪਣੇ ਆਪ ਨੂੰ ਅਰਪਣ ਕਰ ਦਿੰਨੇ ਹਾਂ ਤਾਂ ਹੀ ਅਸੀਂ ਸਬਰ ਦਾ ਰਸ ਪੀ ਸਕਦੇ ਹਾਂ ਤਾਂ ਹੀ ਅਸੀਂ ਸ਼ੁਕਰਾਨੇ ਲਈ ਰੱਬ ਅੱਗੇ ਚੁੱਕ ਸਕਦੇ ਹਾਂ੍ਰਜਦੋਂ ਤੱਕ ਇੱਕ ਵਿਅਕਤੀ ਸੰਤੋਖ ਨਾਲ ਜ਼ਿੰਦਗੀ ਵਸਰ ਨਹੀਂ ਕਰਨਾ ਜਾਣਦਾ ਉਹ ਦੁਨਿਆਵੀ ਖੇਡਾਂ ਦੇ ਪਿੱਛੇ ਭੱਜਦਾ ਰਹੂਗਾ੍ਰਜਦੋਂ ਸਾਡੇ ਹੱਥ ਉਸ ਪਰਮ ਪਿਤਾ ਪਰਮਾਤਮਾ ਦਾ ਹਰ ਵੇਲੇ ਸ਼ੁਕਰ ਕਰਨ ਲੱਗ ਜਾਣ ਤਾਂ ਸਮਝ ਜਾਣਾ ਹਿਰਦਾ ਸਬਰਨਾਲ ਭਰ ਗਿਆ ਹੈ੍ਰ ਉਸ ਕਾਦਰ ਤੇ ਵਿਸ਼ਵਾਸ ਹੋ ਗਿਆ ਹੈ੍ਰ ਉਸ ਦੇ ਬਣਾਇਆ ਹੋਏ ਚੱਕਰਵਿਊ ਵਿੱਚ ਸਾਨੂੰ ਲੰਘਣਾ ਆ ਗਿਆ ਹੈ੍ਰਫਿਰ ਸਾਨੂੰ ਸਮਝ ਆ ਗਿਆ ਅਸੀਂ ਇਸ ਕਾਇਨਾਤ ਵਿੱਚ ਸਦਾ ਲਈ ਨਹੀਂ ਆਏ੍ਰਅਸੀਂ ਕਿਰਦਾਰ ਅਦਾਕਾਰ ਵਾਪਸ ਆਪਣੇ ਘਰ ਪਰਤਣਾ ਹੈ ਸੋ ਕਹਿਣ ਤੋਂ ਭਾਵ ਅਸੀਂ ਜ਼ਿੰਦਗੀ ਨਾਲ ਆਰੂਫ ਕਰੀਏ੍ਰਸ਼ੁਕਰਾਨਾ ਕਰਦੇ ਰਹੀਏ ਤੇ ਤਜਾਹੁਲ (ਬੇਪਰਵਾਹੀ) ਨਾਲ ਜ਼ਿੰਦਗੀ ਬਸ਼ਰ ਕਰੀਏ ਕਿਉਂਕਿ ਰੱਬ ਸਾਡਾ ਪਿਤਾ ਹੈ ਤੇ ਪਿਤਾ ਕਦੇ ਆਪਣੇ ਬੱਚਿਆਂ ਦਾ ਮਾੜਾ ਨਹੀਂ ਕਰਦਾ੍ਰ।



**ਸਰਵਜੀਤ ਕੌਰ ਪਨਾਗ**

# ਹੀਟ ਸਟਰੋਕ ਤੋਂ ਬਚਣ ਲਈ ਸੁਚੇਤ ਰਹਿਣ ਦੀ ਲੋੜ - ਡਾ. ਪ੍ਰੇਮ ਕੁਮਾਰ

## ਬਿਨ੍ਹਾਂ ਕਾਰਨ ਘਰ ਤੋਂ ਬਾਹਰ ਨਾ ਨਿਕਲਣ ਦੀ ਦਿੱਤੀ ਸਲਾਹ - ਡਾ. ਪ੍ਰੇਮ ਕੁਮਾਰ

**ਕਪੂਰਥਲਾ /ਸੁਖੀਜਾ**

ਅੱਜਕਲ੍ਹ ਪੂਰੇ ਪੰਜਾਬ ਵਿੱਚ ਲੂ ਚੱਲ ਰਹੀ ਹੈ ਜਿਸ ਨੂੰ ਧਿਆਨ ਵਿੱਚ ਰੱਖਦਿਆਂ ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਡਾ. ਪ੍ਰੇਮ ਕੁਮਾਰ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਮੈਦਾਨੀ ਖੇਤਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਤੱਕ ਪਹੁੰਚ ਜਾਂਦਾ ਹੈ, ਤਾਂ ਇਸ ਸਥਿਤੀ ਨੂੰ ਹੀਟ ਸਟ ?ਰੋਕ ਭਾਵ ਗਰਮੀ ਦੀ ਲਹਿਰ ਕਿਹਾ ਜਾਂਦਾ ਹੈ। ਇਹ ਉੱਚ ਤਾਪਮਾਨ ਸਰੀਰ ਦੇ ਤਾਪਮਾਨ ਨਿਯੰਤ੍ਰਣ ਪ੍ਰਣਾਲੀ ਨੂੰ ਵਿਗਾੜਦਾ ਹੈ ਅਤੇ ਗਰਮੀ ਨਾਲ ਸਬੰਧਤ ਬਿਮਾਰੀਆਂ ਦਾ ਕਾਰਨ ਬਣਦਾ ਹੈ।

ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਨ ਦੀ ਅਪੀਲ ਕਰਦਿਆਂ ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਜੂਨ ਦੇ ਮਹੀਨੇ ਦੌਰਾਨ ਗਰਮੀ ਦੀਆਂ ਲਹਿਰਾਂ ਚੱਲਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਅਤੇ ਇਸ ਸਮੇਂ ਦੌਰਾਨ ਆਮ ਲੋਕਾਂ ਦੇ ਨਾਲ-ਨਾਲ ਖਾਸ ਕਰਕੇ ਉਹਨਾਂ ਲੋਕਾਂ, ਜਿਹੜੇ ਜੋਖਮ ਸ਼੍ਰੇਣੀ ਵਿੱਚ ਆਉਂਦੇ ਹਨ, ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਸਲਾਹ ਦਿੰਦਿਆਂ ਕਿਹਾ ਕਿ ਟੀ.ਵੀ., ਰੇਡੀਓ, ਅਖਬਾਰਾਂ ਆਦਿ ਰਾਹੀਂ ਸਥਾਨਕ ਮੌਸਮ ਦੀਆਂ ਖਬਰਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮੌਸਮ ਵਿਭਾਗ ਦੀ ਵੈੱਬਸਾਈਟ http://mausam.imd.gov.in / ਰਾਹੀਂ ਵੀ ਮੌਸਮ ਦੀ ਤਾਜ਼ਾ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਲੋਕ ਪੂਰਵ ਅਨੁਮਾਨ ਦੇ ਅਨੁਸਾਰ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਉਣ।

ਹੀਟ ਸਟ ?ਰੋਕ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ:-

1. ਘਰ ਤੋਂ ਬਾਹਰ ਦੇ ਕੰਮ ਦਿਨ ਦੇ ਠੰਡੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਵਿੱਚ ਕੀਤੇ ਜਾਣੇ ਚਾਹੀਦੇ ਹਨ।

2. ਪਿਆਸ ਨਾ ਲੱਗਣ 'ਤੇ ਵੀ ਹਰ ਅੱਧੇ ਘੰਟੇ ਬਾਅਦ ਪਾਣੀ ਪੀਓ।

3. ਬਾਹਰ ਕੰਮ ਕਰਦੇ ਸਮੇਂ ਹਲਕੇ ਰੰਗ ਦੇ ਪੂਰੀ ਬਾਹਾਂ ਵਾਲੇ ਕੱਪੜੇ ਪਾਓ। ਕੋਸ਼ਿਸ਼ ਕਰੋ ਕਿ ਗਰਮੀਆਂ ਵਿੱਚ ਸਿਰਫ਼ ਸੂਤੀ ਕੱਪੜੇ ਹੀ ਪਹਿਨੇ ਜਾਣ।

4. ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ, ਤੌਲੀਆ ਜਾਂ ਦੁਪੱਟੇ ਦੀ ਵਰਤੋਂ ਕਰੋ।

5. ਨੰਗੇ ਪੈਰੀਂ ਬਾਹਰ ਨਾ ਨਿਕਲੋ, ਧੁੱਪ ਵਿਚ ਬਾਹਰ ਜਾਣ ਵੇਲੇ ਹਮੇਸ਼ਾ ਜੁੱਤੀ ਜਾਂ ਚੱਪਲ ਪਾਓ।

6. ਧੁੱਪ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ ਵਿਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ

7. ਧੁੱਪ ਵਿਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ।

8. ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਮੌਸਮੀ, ਖਰਬੂਜਾ ਅਤੇ ਖੀਰੇ ਖਾਓ ਕਿਉਂਕਿ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

9. ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਅਤੇ ਸੇਵਨ ਵਧਾਓ।

10. ਆਪਣੀ ਚਮੜੀ ਦੀ ਸੁਰੱਖਿਆ ਲਈ ਸਨਸਕ੍ਰੀਨ ਅਤੇ ਅੱਖਾਂ ਦੀ ਸੁਰੱਖਿਆ ਲਈ ਗੂੜ੍ਹੇ ਚਸ਼ਮੇ ਪਾਓ।

ਕੀ ਨਹੀਂ ਕਰਨਾ ਚਾਹੀਦਾ ਹੈ:

▲ ਧੁੱਪ ਵਿੱਚ ਖਾਸ ਤੌਰ 'ਤੇ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਜਾਣ ਤੋਂ ਪਰਹੇਜ਼ ਕਰੋ।

▲ ਵਧ ਗਰਮੀ ਵਾਲੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ, ਰਸੋਈ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜੇ ਅਤੇ ਖਿੜਕੀਆਂ ਖੁੱਲੀਆਂ ਰੱਖੋ।

▲ ਅਲਕੋਹਲ, ਚਾਹ, ਕੌਫੀ, ਅਤੇ ਕਾਰਬੋਨੇਟਿਡ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ ਕਿਉਂਕਿ ਇਹ ਅਸਲ ਵਿੱਚ ਬਾਡੀ ਫਲੂਡਜ਼ ਨੂੰ ਖਤਮ ਕਰਦੇ ਹਨ।

▲ ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ, ਬਾਸੀ ਭੋਜਨ ਨਾ ਖਾਓ।

▲ ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਤਾਲਾਬੰਦ ਵਾਹਨ ਵਿੱਚ ਨਾ ਛੱਡੋ।

# ਝਬਾਲ ਵਿਖੇ ਬੀਬੀ ਵੀਰੋ ਜੀ ਦਾ ਵਿਆਹ ਪੁਰਬ ਦੋ ਰੋਜਾਂ ਸਲਾਨਾਂ ਜੋੜ ਮੇਲਾ ਬੜੀ ਸਰਧਾਂ ਭਾਵਨਾਂ ਨਾਲ ਮਨਾਇਆਂ ਗਿਆ

## ਵਿਆਹ ਪੁਰਬ ਮੌਕੇ ਸੰਤ ਬਾਬਾ ਅਵਤਾਰ ਸਿੰਘ ਜੀ ਨੂੰ ਕੀਤਾ ਗਿਆ ਸਨਮਾਨਿਤ



**ਝਬਾਲ,ਦਲਜੀਤ ਸਿੰਘ ਚੱਡਾ**

ਕਸਬਾ ਝਬਾਲ ਵਿਖੇ ਛੇਵੇ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਦੋ ਰੋਜਾਂ ਸਲਾਨਾਂ ਜੋੜ ਮੇਲਾ ਵਿਆਹ ਪੁਰਬ ਹਰ ਸਾਲ ਦੀ ਤਰਾਂ ਇਸ ਵਾਰ ਵੀ 8-9ਜੂਨ ਨੂੰ ਨਗਰ ਇਲਾਕੇ ਦੇਸ ਵਿਦੇਸ਼ ਦੀਆਂ ਤੇ ਸਮੂੰਹ ਨਗਰ ਝਬਾਲ ਦੀਆ ਸੰਗਤਾਂ ਦੇ ਸਹਿਯੋਗ ਨਾਲ ਬੜੀ ਸਰਧਾਂ ਭਾਵਨਾਂ ਨਾਲ ਅੱਜ ਦੂਸਰੇ ਦਿਨ ਬੜੀ ਸਰਧਾਂ ਭਾਵਨਾਂ ਨਾਲ ਮਨਾਇਆਂ ਗਿਆ।6ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਜਿੰਨਾਂ ਦੇ ਅੱਜ 8ਜੂਨ ਨੂੰ ਭੋਗ ਪਾਏ ਗਏ ਭੋਗ ਤੋ ਉਪਰੰਤ ਕਥਾਂ ਕੀਰਤਨ ਕੀਤਾ ਗਿਆ।ਫਿਰ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ।ਜਿਸ ਵਿੱਚ ਸਿੱਖ ਕੌਮ ਦੇ ਪ੍ਰਸਿੱਧ ਢਾਡੀਆਂ ਕਵੀਸਰਾਂ ਭਾਈ ਹਰਪਾਲ ਸਿੰਘ ਝਬਾਲ ਦੇ ਕਵੀਸਰੀ ਜਥੇ ਨੇ ਬੀਬੀ ਵੀਰੋ ਜੀ ਦਾ ਜੀਵਨ ਇਤਹਾਸ ਸੁਣਾਂ ਕੇ ਸੰਗਤਾ ਨੂੰ ਨਿਹਾਲ ਕੀਤਾ।9ਜੂਨ ਦਿੰਨ ਸੋਮਵਾਰ ਨੂੰ ਸਵੇਰ ਤੋ ਦੀਵਾਨ ਸਜਾਏ ਗਏ ਜਿਸ ਵਿੱਚ ਉਚੇਚੇ ਤੌਰ ਤੇ ਦਲ ਬਾਬਾ ਬਿਧੀ ਚੰਦ ਸਾਹਿਬ ਜੀ ਦੇ ਦਲ ਪੰਥ ਦੇ 12 ਮਜੌਦਾ ਮੁਖੀ ਸ੍ਰੀਮਾਨ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਜੀ ਹਾਜਰੀ ਭਰਨ ਪਹੁੰਚੇ ਤੇ ਸੰਗਤਾ ਨਾਲ ਵਿਚਾਰ ਸਾਂਝੇ ਕੀਤੇ ਤੇ ਬਾਬਾ ਅਵਤਾਰ ਸਿੰਘ ਜੀ ਨੇ ਸਰਬੱਤ ਸੰਗਤਾਂ ਨੂੰ ਅਪੀਲ ਕੀਤੀ ਕਿ ਅੰਮ੍ਰਿਤ ਛੱਕੋ ਤੇ ਗੁਰੂ ਵਾਲੇ ਬਣੋ ਤੇ ਨਾਮ ਬਾਣੀ ਨਾਲ ਜੁੜੋ।ਗੁਰੂਦੁਆਰਾ ਲੋਕਲ ਕਮੇਟੀ ਮੈਂਬਰਾ ਤੇ ਦੁਰੂਦੁਆਰਾ ਸਾਹਿਬ ਦੇ ਮੈਨੇਜਰ ਹਰਦੇਵ ਸਿੰਘ ਰਸੀਵਰ ਬਲਵਿੰਦਰ ਸਿੰਘ ਤੇ ਮਾਤਾ ਕੌਲਾਂ ਜੀ ਟਰੱਸਟ ਭਲਾਈ ਕੇਂਦਰ ਦੇ ਮੁਖੀ ਭਾਈ ਗੁਰਇਕਬਾਲ ਸਿੰਘ ਤੇ ਬਾਬਾ ਹਰਜਿੰਦਰ ਸਿੰਘ ਵੱਲੋਂ ਬਾਬਾ ਅਵਤਾਰ ਸਿੰਘ ਜੀ ਨੂੰ ਬੀਬੀ ਵੀਰੋ ਜੀ ਦੀ ਵਿਆਹ ਵਾਲੀ ਤਸਵੀਰ ਤੇ ਗੁਰੂ ਘਰ ਦੀ ਬੱਖਸਿਸ਼ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਜੀ ਆਇਆਂ ਨੂੰ ਆਖਿਆ। ਦੋਵੇ ਦਿੰਨ ਕਸਬਾਂ ਝਬਾਲ ਦੇ ਸੀਨੀਅਰ ਕਾਗਰਸ਼ੀ ਆਗੂ ਵਿਕਰਮ ਸਿੰਘ ਢਿੱਲੋ ਨੇ ਪਹੁੰਚ ਕੇ ਹਾਜਰੀ ਭਰੀ।ਜੋੜ ਮੇਲੇ ਤੇ ਹਲਕਾਂ ਤਰਨ ਤਾਰਨ ਦੇ ਸੀਨੀਅਰ ਕਾਗਰਸ਼ੀ ਆਗੂ ਰਾਜਬੀਰ ਸਿੰਘ ਭੁੱਲਰ,ਚੈਅਰਮੇਨ ਰਮਨ ਕੁਮਾਰ ਝਬਾਲ, ਨੇ ਆਪਣੀ ਟੀਮ ਨਾਲ ਪਹੁੰਚ ਕੇ ਹਾਜਰੀ ਭਰੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਗੁਰੂਦੁਆਰਾ ਮਾਤਾ ਭਾਗ ਕੌਰ ਜੀ ਦੇ ਮਜੌਦਾਂ ਮੁਖੀ ਬਾਬਾ ਸੇਵਕ ਸਿੰਘ ,ਸਰਪੰਚ ਪਰਗਟ ਸਿੰਘ ਬਾਬਾ ਲਗਾਹ,ਹੀਰਾ ਸਿੰਘ ਗੰਨ ਹਉਸ ਭਿੱਖੀਵਿੰਡ,ਸਰਪੰਚ ਪ੍ਰਦੀਪ ਸਿੰਘ ਕੋਟ ਦਸੰਧੀ ਮੱਲ,ਗਰਵਿੰਦਰ ਸਿੰਘ ਬੌਬੀ ਨੇ ਵੀ ਪਹੁਚ ਕੇ ਗੁਰੂ ਘਰ ਨਮੱਸਤਕ ਹੋਏ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂਦੁਆਰਾ ਲੋਕਲ ਕਮੇਟੀ ਤੇ ਮੈਨੇਜਰ ਹਰਦੇਵ ਸਿੰਘ ਰਸੀਵਰ ਬਲਵਿੰਦਰ ਸਿੰਘ ਵੱਲੋ ਇਹਨਾ ਸਾਰੀਆ ਸੰਗਤਾਂ ਦਾ ਸਨਮਾਨ ਕੀਤਾ ਗਿਆ ਤੇ ਜੀ ਆਇਆਂ ਨੂੰ ਆਖਿਆ ਗਿਆ। ਜੋੜ ਮੇਲੇ ਤੇ ਪਹੁੰਚਣ ਤੇ ਜੀ ਆਇਆਂ ਨੂੰ ਆਖਿਆ।ਇਸ ਮੌਕੇ ਬਾਬਾ ਦਰਸਨ ਸਿੰਘ ਜੀ ਢਾਬਸਰ ਵਾਲਿਆਂ ਨੇ ਵੀ ਵਿਆਹ ਪੁਰਬ ਵਿੱਚ ਪਹੁੰਚ ਕੇ ਹਾਜਰੀ ਭਰੀ ਤੇ ਸਰਬੱਤ ਸੰਗਤਾਂ ਨੂੰ ਵਧਾਈ ਦਿੱਤੀ।ਸਾਮ ਦੇ ਟਾਈਮ ਕਬੱਡੀ ਮੈਚ ਵੀ ਕਰਾਏ ਗਏ ਜਿੱਤਣ



ਵਾਲੀਆਂ ਟੀਮਾਂ ਨੂੰ ਨਗਦ ਇਨਾਮ ਦਿੱਤੇ ਗਏ।ਠੰਢੇ ਮਿੱਠੇ ਜਲ ਦੀਆਂ ਛਬੀਲਾ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾ ਰਹੇ ਸਨ।ਇਸ ਮੌਕੇ ਮੈਨੇਜਰ ਹਰਦੇਵ ਸਿੰਘ,ਰਸੀਵਰ ਬਲਵਿੰਦਰ ਸਿੰਘ ਸਵਰਗਾਪੁਰੀ ਤੋ ਇਲਾਵਾਂ ਸਟੇਜ ਸੈਕਟਰੀ ਪ੍ਰਚਾਰਕ ਸਰੋਮਣੀ ਗੁਰੂਦੁਆਰਾ ਪਰਬੰਧਕ ਕਮੇਟੀ ਗਿਆਨੀ ਬਲਵਿੰਦਰ ਸਿੰਘ ਝਬਾਲ,ਗਿਆਨੀ ਰਾਜਬੀਰ ਸਿੰਘ ਮਡਿਆਲਾਂ ਪ੍ਰਚਾਰਕ ਸਰੋਮਣੀ ਕਮੇਟੀ,ਗੁਰਬੀਰ ਸਿੰਘ ਚੈਅਰਮੇਨ ਝਬਾਲ,ਸਾਬਕਾ ਸਰਪੰਚ ਜਸਬੀਰ ਸਿੰਘ ਸਵਰਗਾਪੁਰੀ,ਜੱਗਾ ਸਿੰਘ ਸਰਪੰਚ ਸਵਰਗਾਪੁਰੀ,ਮਖਤੂਲ ਸਿੰਘ ਲੀਡਰ ਸਵਰਗਾਪੁਰੀ,ਸਾਬਕਾ ਸਰਪੰਚ ਨਰਿੰਦਰ ਪੱਪਾ,ਮਨਜਿੰਦਰ ਸਿੰਘ ਲਹਿਰੀ,ਗੁਰਮੀਤ ਸਿੰਘ ਮੀਤ ਪ੍ਰਧਾਨ ਗੁਰੂਦੁਆਰਾ ਬੀਬੀ ਵੀਰੋ ਜੀ,ਹਰਦਿਆਲ ਸਿੰਘ ਸਰਪੰਚ,ਮਨਜੀਤ ਸਿੰਘ ਸਤਿਕਾਰ ਕਮੇਟੀ,ਵਰਿਆਮ ਸਿੰਘ ਝਬਾਲ,ਚੈਅਰਮੇਨ ਰਮਨ ਕੁਮਾਰ ਝਬਾਲ,ਅਮਨਦੀਪ ਸਿੰਘ ਸਾਬਕਾ ਰਸੀਵਰ,ਸਾਬਕਾ ਸਰਪੰਚ ਪ੍ਰੀਤਿੰਦਰ ਸਿੰਘ,ਰਣਜੀਤ ਸਿੰਘ ਰਾਣਾ,ਪਰਮਜੀਤ ਸਿੰਘ ਪੱਗੜੀ ਟਰੈਨਿਗ ਸੈਟਰ,ਅਮਰਿੰਦਰ ਸਿੰਘ ਮਾਣਕ ਝਬਾਲ,ਹੋਲਦਾਰ ਸਰਬਜੀਤ ਸਿੰਘ ਝਬਾਲ,ਗੁੱਜਰ ਮੈਡੀਕਲ ਸਟੋਰ,ਤੇ ਹੋਰ ਵੀ ਬੇਅੰਤ ਸੰਗਤਾ ਹਾਜਰ ਸਨ।

# ਹੁਣ ਮਾਲਵਾ ਇਲਾਕੇ ਦੇ ਗਾਇਕਾਂ ਨੂੰ ਦੂਰ-ਦੁਰਾਡੇ ਜਾਣ ਦੀ ਲੋੜ ਨਹੀਂ - ਸੰਗੀਤਕਾਰ ਜੱਸੂ

**ਬਠਿੰਡਾ / ਸੱਤਪਾਲ ਮਾਨ**

ਕੋਈ ਸਮਾਂ ਸੀ , ਜਦੋਂ ਗਾਇਕ ਕਲਾਕਾਰਾਂ ਨੂੰ ਆਪਣੇ ਗੀਤਾਂ ਦੀ ਰਿਕਾਰਡਿੰਗ ਲਈ ਦੂਰ - ਦੁਰਾਡੇ ਦੇ ਸਟੂਡੀਓ ਵਿੱਚ ਜਾਣਾ ਪੈਂਦਾ ਸੀ , ਜਿਸ ਨਾਲ ਸਮੇਂ ਦੀ ਬਰਬਾਦੀ ਦੇ ਨਾਲ - ਨਾਲ ਉਨ੍ਹਾਂ ਨੂੰ ਆਰਥਿਕਤਾ ਦਾ ਬੋਝ ਵੀ ਝੱਲਣਾ ਪੈਂਦਾ ਸੀ। ਗਾਇਕ ਨੂੰ ਰਿਕਾਰਡਿੰਗ ਕਰਵਾਉਣ ਉਪਰੰਤ ਉਸ ਗੀਤ ਨੂੰ ਪੂਰਨ ਵਿਵਸਥਾ ਦੇਣ ਲਈ ਸਟੂਡੀਓ ਦੇ ਕਈ - ਕਈ ਗੇੜੇ ਵੀ ਲਾਉਣੇ ਪੈਂਦੇ ਸੀ , ਜੋ ਹਰ ਗਾਇਕ ਦੇ ਵੱਸ ਦਾ ਕੰਮ ਨਹੀਂ ਹੁੰਦਾ ਸੀ , ਪਰ ਹੁਣ ਉਹਨਾਂ ਸਾਰੇ ਝਮੇਲਿਆਂ 'ਚੋਂ ਨਿਕਲਕੇ ਕਿਸੇ ਵੀ ਗਾਇਕ ਨੂੰ ਬਾਹਰਲੇ ਸਟੂਡੀਓ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ , ਕਿਉਂਕਿ ਅਜੋਕੇ ਯੁੱਗ ਦੀ ਨਵੀਂ ਤਕਨੀਕ ਦੀ ਵਿਉਂਤਬੰਦੀ ਤੇ ਨਵਾਂ ਸੈਟਅੱਪ ਬਠਿੰਡਾ ਦੇ ਦੇਸੀ ਢੋਲ ਸਟੂਡੀਓ ਵਿੱਚ ਉਪਲੱਬਧ ਹੋ ਗਿਆ ਹੈ। ਇਹ ਜਾਣਕਾਰੀ ਸੰਗੀਤ ਦੀ ਦੁਨੀਆਂ ਵਿੱਚ ਬੜੀ ਤੇਜੀ ਨਾਲ




ਉੱਭਰਕੇ ਸੰਗੀਤ ਪ੍ਰੇਮੀਆਂ ਦੇ ਸਾਹਮਣੇ ਆਏ ਸੰਗੀਤਕਾਰ ਜੱਸੂ ਨੇ ਦਿੱਤੀ। ਜੱਸੂ ਨੇ ਸੰਗੀਤਕ ਦੁਨੀਆਂ ਵਿੱਚ ਭਾਵੇਂ ਆਪਦਾ ਨਾਉਂ ਜੱਸੂ ਟਰੈਪ ਬੁਆਏ ਰੱਖਿਆ ਹੈ , ਪਰ ਜਿਆਦਾਤਰ ਉਸਦੇ ਸੰਗੀਤ ਪ੍ਰਸੰਸਕ ਮਿੱਤਰ ਜੱਸੂ ਦੇ ਨਾਉਂ ਨਾਲ ਹੀ ਜਾਣਦੇ ਹਨ। ਸੰਗੀਤ ਸਬੰਧੀ ਉਸਦਾ ਕਹਿਣਾ ਹੈ ਕਿ ਜਦੋਂ ਗਾਉਣਾ , ਵਜਾਉਣਾ ਤੇ ਨੱਚਣ ਦਾ ਸੁਮੇਲ ਹੋ ਜਾਵੇ ਤਾਂ ਸੰਗੀਤ ਦਾ ਜਨਮ ਹੁੰਦਾ ਹੈ ਅਤੇ ਅੱਜ ਦੇ ਮਹੌਲ ਮੁਤਾਬਿਕ ਗਾਉਣ - ਵਜਾਉਣ ਨੂੰ ਸੰਗੀਤ ਕਿਹਾ ਜਾਂਦਾ ਹੈ। ਜੱਸੂ ਦੇ ਸੰਗੀਤ ਵਿੱਚ ਨਵੇਂ ਤੇ ਪੁਰਾਣੇ ਗਾਇਕਾਂ ਦੇ ਕਾਫੀ ਗੀਤ ਰਿਕਾਰਡ ਹੋ ਕੇ ਮਾਰਕੀਟ ਵਿੱਚ ਆਉਣ ਵਾਲੇ ਹਨ।

ਦੇਸੀ ਢੋਲ ਸਟੂਡੀਓ ਤੇ ਇਸੇ ਨਾਂ ਤੇ ਖੋਲੀ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਕਾਲਾ ਸ਼ਰਮਾ ਨੇ ਇਸ ਨਾਉਂ ਸਬੰਧੀ ਦੱਸਿਆ ਕਿ ਸਾਡਾ ਇਲਾਕਾ ਪੇਂਡੂ ਹੋਣ ਕਰਕੇ ਇਸਦਾ ਕੋਈ ਵਿਦੇਸ਼ੀ ਭਾਸ਼ਾ ਵਿੱਚ ਨਾਂ ਨਹੀਂ ਰੱਖਿਆ। ਅਸੀਂ ਆਪਣੀ ਮਾਤ ਭਾਸ਼ਾ ਨੂੰ ਮੁੱਖ ਰੱਖਕੇ ਹੀ ਦੇਸੀ ਢੋਲ ਰੱਖਿਆ ਹੈ , ਤਾਂਜੋ ਹਰ ਕਿਸੇ ਦੀ ਜੁਬਾਨ ਤੇ ਰਹੇ। ਕਾਲਾ ਸ਼ਰਮਾ ਨੇ ਦੱਸਿਆ ਕਿ ਤਕਰੀਬਨ 20 ਦਿਨ ਪਹਿਲਾਂ ਖੋਲ੍ਹੇ ਇਸ ਸਟੂਡੀਓ ਵਿੱਚ ਹੁਣ ਤੱਕ 6 ਗਾਇਕ ਕਲਾਕਾਰਾਂ ਦੀਆਂ ਰਿਕਾਰਡਿੰਗਾ ਹੋ ਚੁੱਕੀਆਂ ਹਨ , ਜਿਸਨੂੰ ਉਹ ਆਪਣੀ ਕੰਪਨੀ ' ਦੇਸੀ ਢੋਲ ' ਵਿੱਚ ਜਲਦੀ ਰਿਲੀਜ਼ ਕਰਨਗੇ। ਇਸਤੋਂ ਪਹਿਲਾਂ ਕੰਪਨੀ ਵੱਲੋਂ ਆਪਣਾ ਪਲੇਠਾ ਭਜਨ ਗਾਇਕ ਨਰਿੰਦਰ ਕੁਮਾਰ ਦੀ ਆਵਾਜ਼ ਵਿੱਚ ÷ ਕਲਯੁੱਗ ਦਾ ਅਵਤਾਰ ÷ ਰਿਲੀਜ਼ ਹੋ ਚੁੱਕਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਗਾਇਕਾ ਸੁਖਵਿੰਦਰ ਸੋਨੂੰ , ਦੀਪ ਧਾਲੀਵਾਲ , ਮਨਜੀਤ ਮਾਹੀ , ਯੋਗੇਸ਼ ਗਰਗ ਅਤੇ ਦੁਗਾਨਾ ਜੋੜੀ ਜਗਤਾਰ ਤਿਨੰਕੌਣੀ ਤੇ ਮਨਦੀਪ ਲੱਕੀ ਦੇ ਗੀਤ ਰਿਲੀਜ਼ ਕੀਤੇ ਜਾਣੇ ਹਨ। ਬਠਿੰਡਾ ਵਿਖੇ ਖੁਲ੍ਹੇ ਇਸ ਸਟੂਡੀਓ ਤੋਂ ਇਲਾਕੇ ਦੇ ਗਾਇਕ ਕਲਾਕਾਰਾਂ ਨੂੰ ਬਹੁਤ ਉਮੀਦਾਂ ਹਨ।

# ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਲੋਂ ਵਾਤਾਵਰਨ ਦਿਵਸ ਮਨਾਇਆ ਗਿਆ

## ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਓ ਡਾ : ਮੰਗਲ ਸਿੰਘ ਕਿਸ਼ਨਪੁਰੀ

**ਜੰਡਿਆਲਾ ਗੁਰੂ**

ਵਾਤਾਵਰਨ ਸੰਭਾਲ ਲਈ ਯੋਧੇ ਬਣਨ ਲਈ ਅਤੇ ਸੰਵੇਦਨਸ਼ੀਲ ਬਣਾਉਣ ਲਈ ਸੈਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਾਤਾਵਰਨ ਦਿਵਸ ਮਨਾਇਆ ਗਿਆ। ਬੱਚਿਆਂ ਨੂੰ ਜਾਗਰੂਕ ਕੀਤਾ ਗਿਆ ਕਿ ਹਰ ਦਿਨ ਵਾਤਾਵਰਨ ਦਿਵਸ ਹੈ ਅਤੇ ਵਾਤਾਵਰਨ ਦਿਵਸ ਮਨਾਉਣ ਦਾ ਉਦੇਸ਼ ਸਾਡੇ ਘਾਹ ਨੂੰ ਹਰਾ ਅਤੇ ਸਾਡੇ ਆਸਮਾਨ ਨੂੰ ਨੀਲਾ ਰੱਖਣਾ ਹੈ ਜਿਸ ਨਾਲ ਘੱਟ ਪ੍ਰਦੂਸ਼ਣ ਹੋਵੇ। ਧਰਤੀ ਨੂੰ ਭਿਆਨਕ ਗਰਮੀ ਤੋਂ ਬਚਾਉਣ ਲਈ ਅਤੇ ਲੋੜ ਦੀ ਘੜੀ ਨੂੰ ਸਮਝਣ ਲਈ ਸੈਂਟ ਸੋਲਜਰ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦੇ ਆਲੇ ਦੁਆਲੇ ਪੌਦੇ ਲਗਾਏ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਵੱਲੋਂ ਵਿਦਿਆਰਥੀ ਨਾਲ ਮਿਲ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਸਹੁੰ ਚੁੱਕੀ। ਅਤੇ ਬੱਚਿਆਂ ਨੂੰ ਵੀ ਵਾਤਾਵਰਨ ਨੂੰ ਸੰਭਾਲਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਕਿਹਾ। ਇਸ ਸਬੰਧ ਵਿੱਚ ਸਕੂਲ ਵੱਲੋਂ ਬੱਚਿਆਂ ਨੂੰ÷ ਇੱਕ ਬੱਚਾ ਇੱਕ




ਪੌਦਾ÷ ਦੇ ਨਾਂ ਦਾ ਪ੍ਰੋਜੈਕਟ ਦਿੱਤਾ ਗਿਆ। ਵਿਦਿਆਰਥੀ ਆਪਣੇ ਘਰਾਂ ਵਿੱਚ ਜਾਂ ਘਰਾਂ ਦੇ ਆਲੇ ਦੁਆਲੇ ਇੱਕ ਪੌਦਾ ਲਗਾ ਕੇ ਉਸ ਦੀ ਫੋਟੋ ਕਲਿੱਕ ਕਰਨਗੇ ਅਤੇ ਹਰ ਇੱਕ ਬੱਚੇ ਦਾ ਪ੍ਰਮੋਸ਼ਨ ਗਰਾਫ ਬਣਾਈ ਰੱਖਿਆ ਜਾਵੇਗਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਕਿਹਾ ਕਿ ਅੱਜ ਲੋੜ ਹੈ ਬੱਚਿਆਂ ਨੂੰ ਵਾਤਾਵਰਨ ਦਿਵਸ ਬਾਰੇ ਦੱਸਣ ਦੀ ਤਾਂ ਕਿ ਬੱਚੇ ਇਹ ਸਮਝ ਸਕਣ ਕਿ ਰੁੱਖ ਲਗਾਉਣੇ ਕਿੰਨੇ ਜਰੂਰੀ ਹਨ ਤਾਂ ਹੀ ਅਸੀਂ ਆਉਣ ਵਾਲੀ ਪੀੜੀ ਨੂੰ ਹਰਿਆ ਭਰਿਆ ਵਾਤਾਵਰਨ ਦੇ ਸਕਦੇ ਹਾਂ। ਇਸ ਮੌਕੇ ਸਕੂਲ ਦੇ ਵਾਈਸ ਸਿੰਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਕੋਆਰਡੀਨੇਟਰ ਨਿਲਾਕਸ਼ੀ ਗੁਪਤਾ ਕੁਆਰਡੀਨੇਟਰ ਸਟਾਫ ਤੇ ਬਚੇ ਹਾਜਰ ਸਨ।

# ਗੋਇੰਦਵਾਲ ਸਾਹਿਬ ਦਾ 1200 ਏਕੜ ਉਦਯੋਗਿਕ ਕੰਪਲੈਕਸ ਬਣਿਆ 'ਭੂਤ-ਬੰਗਲਾ'- ਬ੍ਰਹਮਪੁਰਾ

## ਸ਼੍ਰੋਮਣੀ ਅਕਾਲੀ ਦਲ ਵੱਲੋਂ ਸਥਾਪਿਤ ਪ੍ਰੋਜੈਕਟਾਂ ਨੂੰ ਬਰਬਾਦ ਕਰਕੇ ਆਪਣੀ ਪਿੱਠ ਥਾਪੜ ਰਹੀ ਹੈ 'ਆਪ' ਸਰਕਾਰ- ਬ੍ਰਹਮਪੁਰਾ

**ਤਰਨ ਤਾਰਨ/ਰਾਕੇਸ਼ ਨਈਅਰ ਚੋਹਲਾ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਹਲਕਾ ਖਡੂਰ ਸਾਹਿਬ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਇੱਥੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਗੁਰੂ ਕੀ ਨਗਰੀ ਗੋਇੰਦਵਾਲ ਸਾਹਿਬ ਦੇ ਉਦਯੋਗਿਕ ਪਤਨ ਅਤੇ ਇਸ ਇਲਾਕੇ ਦੇ ਲੋਕਾਂ ਨੂੰ ਦਰਪੇਸ਼ ਗੰਭੀਰ ਮੁਸ਼ਕਿਲਾਂ ਲਈ ਪਿਛਲੀ ਕਾਂਗਰਸ ਸਰਕਾਰ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ।

ਉਨ੍ਹਾਂ ਕਿਹਾ ਕਿ ਜਿਹੜੇ ਉਦਯੋਗਿਕ ਪ੍ਰੋਜੈਕਟ ਸ਼੍ਰੋਮਣੀ ਅਕਾਲੀ ਦਲ ਦੀ ਦੂਰਅੰਦੇਸ਼ੀ ਸੋਚ ਤਹਿਤ ਸਥਾਪਿਤ ਕੀਤੇ ਗਏ ਸਨ,ਉਨ੍ਹਾਂ ਨੂੰ ਬਾਅਦ ਦੀਆਂ ਸਰਕਾਰਾਂ ਦੀ ਨਾਲਾਇਕੀ ਅਤੇ ਬੇਰੁਖ਼ੀ ਨੇ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ ਹੈ।ਸ.ਬ੍ਰਹਮਪੁਰਾ ਨੇ ਕਿਹਾ,ਇਹ ਬਹੁਤ ਹੀ ਦੁਖਦਾਈ ਹੈ ਕਿ ਜਿਸ ਗੋਇੰਦਵਾਲ ਸਾਹਿਬ ਨੂੰ ਸ਼੍ਰੋਮਣੀ ਅਕਾਲੀ ਦਲ ਸਰਕਾਰ ਨੇ 540 ਮੈਗਾਵਾਟ ਦੇ ਥਰਮਲ ਪਲਾਂਟ (ਜੀ.ਵੀ.ਕੇ) ਅਤੇ ਨੈਰੋਲੈਕ ਪੇਂਟਸ ਵਰਗੀਆਂ ਵੱਡੀਆਂ ਫੈਕਟਰੀਆਂ ਲਿਆ ਕੇ ਉਦਯੋਗਿਕ ਨਕਸ਼ੇ 'ਤੇ ਉਭਾਰਿਆ ਸੀ, ਅੱਜ ਉਹੀ ਇਲਾਕਾ ਆਪਣੀ ਬਦਹਾਲੀ 'ਤੇ ਹੰਝੂ ਵਹਾ ਰਿਹਾ ਹੈ।'ਆਪ' ਸਰਕਾਰ ਕਰੀਬ 1080 ਕਰੋੜ ਰੁਪਏ ਵਿੱਚ ਬੰਦ ਪਏ ਥਰਮਲ ਪਲਾਂਟ ਨੂੰ ਖਰੀਦ ਕੇ ਸਸਤੀ ਵਾਹ-ਵਾਹ ਖੱਟਣ ਦਾ ਡਰਾਮਾ ਕਰ ਰਹੀ ਹੈ, ਪਰ ਉਹ ਇਹ ਜਵਾਬ ਦੇਵੇ ਕਿ ਪਿਛਲੇ ਢਾਈ ਸਾਲਾਂ ਵਿੱਚ ਉਨ੍ਹਾਂ ਨੇ ਖੁਦ ਇਸ ਸਰਹੱਦੀ ਖੇਤਰ ਵਿੱਚ ਕਿਹੜਾ ਨਵਾਂ ਮੈਗਾ ਪ੍ਰੋਜੈਕਟ ਲਿਆਂਦਾ ਹੈ ? ਸੱਚਾਈ ਇਹ ਹੈ ਕਿ ਇਹ ਸਰਕਾਰ ਸਿਰਫ਼ ਅਕਾਲੀ ਦਲ ਦੇ ਕੀਤੇ ਕੰਮਾਂ 'ਤੇ ਆਪਣੇ ਨਾਂ ਦੀ ਤਖ਼ਤੀ ਲਾਉਣ ਵਿੱਚ ਮਾਹਿਰ ਹੈ।ਸ਼੍ਰੋਮਣੀ ਅਕਾਲੀ ਦਲ ਦੇ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ,ਇਸ ਸਰਹੱਦੀ ਖੇਤਰ ਦੇ ਵਿਕਾਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਮਰਹੂਮ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਕੈਬਨਿਟ ਮੰਤਰੀ,ਸੰਸਦ ਮੈਂਬਰ ਹੁੰਦਿਆਂ ਅਤੇ ਬਾਅਦ ਵਿੱਚ ਵੀ ਹਮੇਸ਼ਾ ਇਸ ਹਲਕੇ ਦੀ ਆਵਾਜ਼ ਬਣ ਕੇ ਸਰਕਾਰਾਂ ਤੱਕ ਪਹੁੰਚ ਕੀਤੀ ਅਤੇ ਵੱਡੇ ਪ੍ਰੋਜੈਕਟ ਲਿਆਉਣ ਲਈ ਜੱਦੋ-ਜਹਿਦ ਕੀਤੀ। ਮੈਂ ਵੀ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਆਪਣੇ ਵਿਧਾਇਕੀ ਕਾਰਜਕਾਲ ਦੌਰਾਨ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕਰਵਾਈਆਂ ਤਾਂ ਜੋ ਬੁਨਿਆਦੀ ਢਾਂਚੇ ਨੂੰ ਸੁਧਾਰਿਆ ਜਾ ਸਕੇ।ਕਾਂਗਰਸ ਅਤੇ 'ਆਪ' ਸਰਕਾਰਾਂ ਦੀਆਂ ਨਾਕਾਮੀਆਂ ਗਿਣਾਉਂਦਿਆਂ ਸ.ਬ੍ਰਹਮਪੁਰਾ ਨੇ ਕਿਹਾ,ਕਾਂਗਰਸ ਨੇ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਇਸ ਹਲਕੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ।ਹੁਣ 'ਆਪ' ਸਰਕਾਰ ਵੀ ਉਸੇ ਰਾਹ 'ਤੇ ਹੈ।ਅੱਜ ਗੋਇੰਦਵਾਲ ਸਾਹਿਬ ਸਥਿਤ ਕੇਂਦਰੀ ਸਨਅਤੀ ਕੰਪਲੈਕਸ, ਜੋ ਕਿ ਲਗਭਗ 1200 ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ,ਸਰਕਾਰਾਂ ਦੀ ਬੇਰੁਖ਼ੀ ਕਾਰਨ ਉਜਾੜ ਬੀਆਬਾਨ ਬਣਿਆ ਪਿਆ ਹੈ। ਸੜਕਾਂ ਦੀ ਹਾਲਤ ਤਰਸਯੋਗ ਹੈ,ਪੰਜਾਬ ਦੇ 2024-25 ਦੇ ਬਜਟ ਵਿੱਚ ਇਸ ਖੇਤਰ ਲਈ ਕਿਸੇ ਵੱਡੇ ਉਦਯੋਗਿਕ ਪੈਕੇਜ ਦਾ ਐਲਾਨ ਨਹੀਂ ਕੀਤਾ ਗਿਆ,ਜਿਸ ਕਾਰਨ ਨੌਜਵਾਨਾਂ ਲਈ ਰੋਜ਼ਗਾਰ ਦਾ ਕੋਈ ਨਵਾਂ ਸਾਧਨ ਨਹੀਂ ਹੈ। ਸਿਹਤ ਅਤੇ ਸਿੱਖਿਆ ਸਹੂਲਤਾਂ ਦਾ ਬੁਰਾ ਹਾਲ ਹੈ।ਜੋ ਉਦਯੋਗਿਕ ਕੰਪਲੈਕਸ ਹਜ਼ਾਰਾਂ ਨੌਜਵਾਨਾਂ ਦਾ ਭਵਿੱਖ ਸੰਵਾਰ ਸਕਦਾ ਸੀ,ਉਹ ਅੱਜ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਖੁਦ ਬੇਰੁਜ਼ਗਾਰੀ ਦਾ ਪ੍ਰਤੀਕ ਬਣ ਗਿਆ ਹੈ।ਇਹ ਹਲਕੇ ਦੇ ਲੋਕਾਂ ਨਾਲ ਸਰਾਸਰ ਵਿਸ਼ਵਾਸਘਾਤ ਹੈ।



ਸ.ਬ੍ਰਹਮਪੁਰਾ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸ ਅਤੇ ਮੌਜੂਦਾ 'ਆਪ' ਸਰਕਾਰ ਦੀਆਂ ਨਾਕਾਮੀਆਂ ਨੂੰ ਪਛਾਣਨ। ਉਨ੍ਹਾਂ ਕਿਹਾ,ਇਹ ਸਮਾਂ ਹੈ ਕਿ ਲੋਕ ਜਾਗਰੂਕ ਹੋਣ ਅਤੇ ਵੇਖਣ ਕਿ ਕਿਵੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਿਆਂਦੇ ਗਏ ਵਿਕਾਸ ਦੇ ਪ੍ਰੋਜੈਕਟਾਂ ਨੂੰ ਸਿਆਸੀ ਬੇਰੁਖ਼ੀ ਦੀ ਭੇਟ ਚੜ੍ਹਾ ਦਿੱਤਾ ਗਿਆ ਹੈ।

ਇੱਕ ਪਾਸੇ ਅਕਾਲੀ ਦਲ ਦੀ ਸਰਕਾਰ ਨੇ ਇਸ ਸਰਹੱਦੀ ਖੇਤਰ ਵਿੱਚ ਉਦਯੋਗ ਸਥਾਪਿਤ ਕਰਕੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ,ਦੂਜੇ ਪਾਸੇ ਕਾਂਗਰਸ ਅਤੇ 'ਆਪ' ਸਰਕਾਰਾਂ ਨੇ ਸਿਰਫ਼ ਝੂਠੇ ਵਾਅਦਿਆਂ ਅਤੇ ਸਿਆਸੀ ਡਰਾਮੇਬਾਜ਼ੀ ਨਾਲ ਲੋਕਾਂ ਨੂੰ ਗੁੰਮਰਾਹ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਹਲਕਾ ਖਡੂਰ ਸਾਹਿਬ ਦੇ ਲੋਕਾਂ ਨਾਲ ਹੋ ਰਹੇ ਇਸ ਧੱਕੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਦਾ ਰਹੇਗਾ ਅਤੇ ਇਨ੍ਹਾਂ ਸਰਕਾਰਾਂ ਦੀ ਪੋਲ ਲੋਕਾਂ ਦੀ ਕਚਹਿਰੀ ਵਿੱਚ ਖੋਲ੍ਹਦਾ ਰਹੇਗਾ। ਸਾਡਾ ਇੱਕੋ-ਇੱਕ ਏਜੰਡਾ ਹਲਕੇ ਦਾ ਵਿਕਾਸ ਹੈ ਅਤੇ ਅਸੀਂ ਇਸ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹਾਂ।

# ਡਿਪਟੀ ਸਪੀਕਰ ਰੌੜੀ ਵੱਲੋਂ 5.65 ਕਰੋੜ ਦੇ ਵਾਟਰ ਸਪਲਾਈ ਪ੍ਰੋਜੈਕਟ ਦੀ ਕਰਵਾਈ ਸ਼ੁਰੂਆਤ



**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਅੱਜ ਗੜ੍ਹਸ਼ੰਕਰ ਦੇ ਵਾਰਡ ਨੰਬਰ 7 ਵਿਖੇ ਅਮਰੂਤ 2.0 ਸਕੀਮ ਤਹਿਤ 5.65 ਕਰੋੜ ਰੁਪਏ ਦੇ ਵਾਟਰ ਸਪਲਾਈ ਪ੍ਰੋਜੈਕਟ ਦੇ ਪਹਿਲੇ ਪੜਾਅ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਲੋਕਾਂ ਤੱਕ ਪੀਣ ਵਾਲਾ ਸਾਫ਼ ਪਾਣੀ ਪਹੁੰਚਣ ਦੇ ਮਕਸਦ ਨਾਲ 19 ਕਿ.ਮੀ. ਲੰਬੀ ਪਾਈਪ ਲਾਈਨ ਨੈੱਟਵਰਕ ਦੀ ਸ਼ੁਰੂਆਤ ਕੀਤੀ ਗਈ। ਜੋ ਸ਼ਹਿਰ ਦੇ ਕਈ ਵਾਰਡਾਂ ਦੇ ਲੋਕਾਂ ਨੂੰ ਲਾਭ ਦੇਵੇਗੀ ਅਤੇ ਹਰੇਕ ਘਰ ਤੱਕ ਸਾਫ ਪਾਣੀ ਪਹੁੰਚਾਉਣ ਦਾ ਸਰਕਾਰ ਵੱਲੋਂ ਕੀਤਾ ਗਿਆ ਵਾਅਦਾ ਪੂਰਾ ਹੋ ਰਿਹਾ ਹੈ। ਇਸ ਮੌਕੇ ਨਗਰ ਕੌਂਸਲ ਗੜ੍ਹਸ਼ੰਕਰ ਦੇ ਅਧਿਕਾਰੀ ਅਤੇ ਕੌਂਸਲਰ ਮੌਜੂਦ ਸਨ।

# ਅੰਡਰ-23 ਕ੍ਰਿਕਟ ਹੁਸ਼ਿਆਰਪੁਰ ਨੇ ਫਤਿਹਗੜ੍ਹ ਸਾਹਿਬ ਨੂੰ 183 ਦੌੜਾਂ ਦੇ ਵੱਡੇ ਫਰਕ ਨਾਲ ਹਰਾਇਆ : ਡਾ. ਰਮਨ ਘਈ

## ਅਸ਼ਵੀਰ ਨੇ 189 ਦੌੜਾਂ, ਧਰੁਵ ਨੇ 54 ਦੌੜਾਂ ਅਤੇ ਗੇਂਦਬਾਜ਼ੀ ਵਿੱਚ ਧਰੁਵ ਨੇ 7 ਅਤੇ ਆਰੀਅਨ ਅਰੋੜਾ ਨੇ 3 ਵਿਕਟਾਂ ਲਈਆਂ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਅੰਡਰ-23 ਅੰਤਰ ਜ਼ਿਲ੍ਹਾ ਕ੍ਰਿਕਟ ਮੁਕਾਬਲੇ ਵਿੱਚ, ਹੁਸ਼ਿਆਰਪੁਰ ਨੇ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 183 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ 5 ਵਿਕਟਾਂ ਦੇ ਨੁਕਸਾਨ 'ਤੇ 327 ਦੌੜਾਂ ਬਣਾਈਆਂ। ਜਿਸ ਵਿੱਚ ਅਸ਼ਵੀਰ ਸਿੰਘ ਨੇ 189 ਦੌੜਾਂ, ਧਰੁਵ ਬਗਾਨੀਆ ਨੇ 54 ਦੌੜਾਂ, ਪ੍ਰਥਮ ਸਚਦੇਵਾ ਨੇ 45 ਦੌੜਾਂ ਅਤੇ ਮਨਵੀਰ ਸਿੰਘ ਹੀਰ ਨੇ 15 ਦੌੜਾਂ ਦਾ ਯੋਗਦਾਨ ਪਾਇਆ। ਫਤਿਹਗੜ੍ਹ ਸਾਹਿਬ ਲਈ ਗੇਂਦਬਾਜ਼ੀ ਕਰਦਿਆਂ



ਨੰਦੂ ਗੁਪਤਾ, ਆਰੀਅਨ ਅਰੋੜਾ, ਸਕਸ਼ਮ ਕਠਿਆਲ ਨੇ 1-1 ਵਿਕਟ ਲਈ। ਟੀਚੇ ਦਾ ਪਿੱਛਾ ਕਰਦਿਆਂ ਫਤਿਹਗੜ੍ਹ ਸਾਹਿਬ ਦੀ ਟੀਮ 23.2 ਓਵਰਾਂ ਵਿੱਚ ਸਿਰਫ 144 ਦੌੜਾਂ 'ਤੇ ਆਲ ਆਊਟ ਹੋ ਗਈ। ਸਕਸ਼ਮ ਸਿੰਗਲਾ ਨੇ ਮੈਚ ਵਿੱਚ 67 ਦੌੜਾਂ ਦਾ ਯੋਗਦਾਨ ਪਾਇਆ। ਹੁਸ਼ਿਆਰਪੁਰ ਲਈ ਧਰੁਵ ਬਗਾਨੀਆ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਅਤੇ 7 ਵਿਕਟਾਂ ਲਈਆਂ। ਆਰੀਅਨ ਅਰੋੜਾ ਨੇ 2 ਅਤੇ ਦੀਪਕ ਕੁਮਾਰ ਨੇ 1 ਵਿਕਟ ਲਈ। ਡਾ. ਰਮਨ ਘਈ ਨੇ ਹੁਸ਼ਿਆਰਪੁਰ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਪੂਰੀ ਟੀਮ ਨੂੰ ਉਨ੍ਹਾਂ ਦੇ ਚੰਗੇ ਪ੍ਰਦਰਸ਼ਨ ਲਈ ਵਧਾਈ ਦਿੱਤੀ। ਹੁਸ਼ਿਆਰਪੁਰ ਟੀਮ ਦੀ ਇਸ ਵੱਡੀ ਜਿੱਤ 'ਤੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ, ਚੇਅਰਮੈਨ ਟੂਰਨਾਮੈਂਟ ਕਮੇਟੀ ਡਾ. ਪੰਕਜ ਸ਼ਿਵ ਅਤੇ ਸੰਯੁਕਤ ਸਕੱਤਰ ਵਿਵੇਕ ਸਾਹਨੀ ਨੇ ਸਮੂਹ ਐਸੋਸੀਏਸ਼ਨ ਵੱਲੋਂ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ। ਹੁਸ਼ਿਆਰਪੁਰ ਟੀਮ ਦੀ ਇਸ ਜਿੱਤ 'ਤੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟ ?ਰੇਨਰ ਅਤੇ ਸਾਬਕਾ ਰਾਸ਼ਟਰੀ ਕ੍ਰਿਕਟਰ ਕੁਲਦੀਪ ਧਾਮੀ, ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ ਨੇ ਟੀਮ ਨੂੰ ਵਧਾਈ ਦਿੱਤੀ ਅਤੇ ਸਖ਼ਤ ਮਿਹਨਤ ਅਤੇ ਲਗਨ ਨਾਲ ਵਧੀਆ ਪ੍ਰਦਰਸ਼ਨ ਕਰਨ ਲਈ ਕਿਹਾ।

# ਝੋਨੇ ਦੀ ਬਿਜਾਈ ਕਿਸਮ ਅਨੁਸਾਰ ਅਤੇ ਢੁਕਵੇਂ ਸਮੇਂ 'ਤੇ ਹੀ ਕਰਨ ਕਿਸਾਨ : ਮੁੱਖ ਖੇਤੀਬਾੜੀ ਅਫ਼ਸਰ

**ਪਟਿਆਲਾ/ਅਮਨ ਸਿੱਧੂ ਮੱਲੇਵਾਲ**

ਪੰਜਾਬ ਸਰਕਾਰ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜਸਵੰਤ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਪਿੰਡ ਫ਼ਤਿਹਪੁਰ ਰਾਜਪੂਤਾਂ ਵਿਖੇ ਫ਼ੀਲਡ ਵਿਜਿਟ ਅਤੇ ਵੱਖ-ਵੱਖ ਪਿੰਡਾਂ ਦੇ ਦੌਰੇ ਦੌਰਾਨ ਜ਼ਿਲ੍ਹਾ ਪਟਿਆਲਾ ਦੇ ਕਿਸਾਨਾਂ ਨੂੰ ਦੱਸਿਆ ਕਿ ਝੋਨੇ ਦੀ ਬਿਜਾਈ ਮਿਤੀ 9 ਜੂਨ ਤੋਂ ਸ਼ੁਰੂ ਹੋ ਚੁੱਕੀ ਹੈ ਜਿਸ ਦੇ ਸਬੰਧ ਵਿਚ ਕਿਸਾਨ ਵੀਰ ਝੋਨੇ ਦੀ ਬਿਜਾਈ ਵਿਚ ਕਿਸੇ ਵੀ ਤਰ੍ਹਾਂ ਦੀ ਜਲਦਬਾਜ਼ੀ ਨਾ ਕਰਨ ਅਤੇ ਲੋੜ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨ, ਖਾਦਾਂ ਦੀ ਕਿਸੇ ਵੀ ਪ੍ਰਕਾਰ ਦੀ ਸਟੋਰੇਜ ਕਰਨ ਤੋਂ ਗੁਰੇਜ਼ ਕੀਤਾ ਜਾਵੇ ਅਤੇ ਖਾਦਾਂ ਸਬੰਧੀ ਬੇਲੋੜੀਆਂ ਅਫ਼ਵਾਹਾਂ ਤੇ ਵਿਸ਼ਵਾਸ ਨਾ ਕੀਤਾ ਜਾਵੇ, ਕਿਸੇ ਵੀ ਕਿਸਮ ਦੀ ਖਾਦ ਦੀ ਕਿਸਾਨਾਂ ਨੂੰ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਿਫ਼ਾਰਿਸ਼ ਦੇ ਸਨਮੁੱਖ ਸਾਉਣੀ ਸੀਜ਼ਨ 2025 ਦੌਰਾਨ ਝੋਨੇ ਦੀ ਕਿਸਮ ਪੂਸਾ-44 ਅਤੇ ਹਾਈਬ੍ਰਿਡ ਕਿਸਮਾਂ ਦੇ ਬੀਜਾਂ ਦੀ ਵਿੱਕਰੀ ਅਤੇ ਬਿਜਾਈ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਸੂਬੇ ਵਿਚ ਪੀ.ਏ.ਯੂ. ਦੀਆਂ ਸਿਫ਼ਾਰਿਸ਼ਾਂ ਅਨੁਸਾਰ ਘੱਟ ਪਾਣੀ ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ.ਆਰ. 126 ਅਤੇ ਹੋਰ ਘੱਟ ਪਾਣੀ ਵਾਲੀਆਂ ਕਿਸਮਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਵਿਧੀ ਰਾਹੀਂ ਬਿਜਵਾਈ ਕਰਵਾਉਣ ਲਈ ਸਿਫ਼ਾਰਿਸ਼ ਕੀਤੀ ਗਈ ਹੈ।

# ਅੱਤ ਦੀ ਗਰਮੀ ਵਿੱਚ ਸਰਕਾਰੀ ਕਣਕ ਲੈਣ ਲਈ ਲੋਕ ਹੋ ਰਹੇ ਖੱਜਲ ਖੁਆਰ





**ਜੰਡਿਆਲਾ ਗੁਰੂ/ ਗੁਰਦੇਵ ਸਿੰਘ ਮਨਜੋਤਰਾਂ**

ਅੱਜ ਹਲਕਾ ਜੰਡਿਆਲਾ ਗੁਰੂ ਦੇ ਵਾਰਡ ਨੰਬਰ 7 ਕਸਤੂਰੀ ਦੇ ਡੀਪੂ ਦੀ ਵ ?ਟਸਐਪ ਤੇ ਵੀਡੀਓ ਵਾਰਿਲ ਹੋ ਰਹੀ ਸੀ ਜਿਸ ਵਿੱਚ ਦੇਖਿਆ ਜਾਂ ਰਿਹਾ ਸੀ ਕੇ ਹਲਕਾ ਜੰਡਿਆਲਾ ਗੁਰੂ ਦੇ ਲੋਕ ਕਣਕ ਲੈਣ ਲਈ ਅੱਤ ਦੀ ਗਰਮੀ ਵਿੱਚ ਪ੍ਰੇਸ਼ਾਨ ਹੋ ਰਹੇ ਹਨ ਅਤੇ ਉਸ ਵਿੱਚ ਲੋਕ ਇਹ ਵੀ ਦੱਸ ਰਹੇ ਸਨ ਕਿ ਡੀਪੂ ਹੋਲਡਰ ਵਲੋਂ ਉਹਨਾਂ ਨੂੰ ਸਵੇਰ ਦੇ ਸੱਤ ਵਜੇਂ ਦਾ ਟਾਈਮ ਦਿੱਤਾ ਗਿਆ ਸੀ ਪਰ 11 ਵੱਜਣ ਤੇ ਵੀ ਡੀਪੂ ਹੋਲਡਰ ਉਥੇ ਨਹੀ ਪਹੰਚਿਆ ਜਿਸ ਕਰਨ ਲੋਕਾਂ ਨੂੰ ਅੱਤ ਦੀ ਗਰਮੀ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ ।ਪੱਤਰਕਾਰਾ ਦੀ ਟੀਮ ਵੱਲੋਂ ਲੋਕਾ ਨਾਲ ਗੱਲ ਬਾਤ ਕੀਤੀ ਗਈ ਜਿਸ ਵਿੱਚ ਲੋਕਾਂ ਵਲੋਂ ਦੱਸਿਆ ਗਿਆ ਕਿ ਡੀਪੂ ਵਾਲਾ ਸਾਨੂੰ ਕਣਕ ਆਉਣ ਦੀ ਕੋਈ ਵੀ ਜਾਣਕਾਰੀ ਨਹੀਂ ਦਿੰਦਾ ਡੀਪੂ ਹੋਲਡਰ ਨੂੰ ਅਸੀ ਦੋ ਦੋ ਫ਼ੋਨ ਨੰਬਰ ਲਿਖਵਾਏ ਹਨ ਪਰ ਇਹ ਸਾਨੂੰ ਇਕ ਤੇ ਵੀ ਫ਼ੋਨ ਨਹੀ ਕਰਦਾ ਅਤੇ ਸਾਡੇ ਵਲੋਂ ਪੁੱਛਣ ਤੇ ਡੀਪੂ ਵਾਲਾ ਕਹਿੰਦਾ ਹੈ ਕਿ ਮੈਂ ਤਾਹਨੂੰ ਫ਼ੋਨ ਕੀਤਾ ਪਰ ਤੁਸੀਂ ਚੁੱਕਿਆ ਨਹੀ । ਅਸੀ ਆਪਣੀਆ ਦਿਹਾੜੀਆਂ ਭੰਨ ਕੇ ਕਣਕ ਲੈਣ ਆਉਣੇ ਹਾਂ ਪਰ ਫਿਰ ਵੀ ਸਾਨੂੰ ਟਾਈਮ ਤੇ ਕਣਕ ਨਹੀਂ ਦਿੱਤੀ ਜਾਂਦੀ ਅਤੇ ਇਹ ਸਾਡੇ ਨਾਲ ਬਹੁਤ ਹੀ ਗਲਤ ਭਾਸ਼ਾ ਦੀ ਵਰਤੋ ਕਰਦਾ ਹੈ ।ਇਸ ਤੋਂ ਇਲਵਾ ਉਥੇ ਨਾ ਕੋਈ ਪੀਣ ਦੇ ਪਾਣੀ ਦਾ ਪ੍ਰਬੰਧ ਅਤੇ ਨਾ ਕੋਈ ਚਾਨਣੀ ਦਾ ਪ੍ਰਬੰਧ ਹੈ। ਇਹ ਸਿਰਫ ਇਹੋ ਡੀਪੂ ਦਾ ਹਾਲ ਨਹੀਂ ਹਲਕੇ ਵਿੱਚ ਜਿੰਨੇ ਵੀ ਹੋਰ ਡੀਪੂ ਵਾਲੇ ਨੇ ਜੋ ਇਸੇ ਤਰਾਂ ਕਰਦੇ ਹਨ। ਲੋਕਾਂ ਵਲੋਂ ਇਹ ਵੀ ਕਿਹਾ ਗਿਆ ਕਿ ਅਸੀ ਤਾਂ ਇਹ ਸਰਕਾਰ ਆਪਣੇ ਭਲੇ ਲਈ ਬਦਲੀ ਸੀ ਕਿ ਮਾਣਯੋਗ ਭਗਵੰਤ ਸਿੰਘ ਮਾਨ ਵਲੋ ਲੋਕਾਂ ਨੂੰ ਵਾਧਦੇ ਕੀਤੇ ਗਏ ਸੀ ਕੀ ਹੁਣ ਘਰ ਘਰ ਜਾ ਕੇ ਕਣਕ ਵੰਡੀ ਜਵਾਏਗੀ ਪਰ ਇਹਦਾਂ ਦਾ ਕੁੱਝ ਨਹੀ ਹੋਇਆ ਪੱਤਰਕਾਰਾਂ ਵਲੋ ਡੀਪੂ ਹੋਲਡਰ ਨਾਲ ਵੀ ਗੱਲ ਕੀਤੀ ਗਈ ਅਤੇ ਡੀਪੂ ਹੋਲਡਰ ਲੋਕਾਂ ਵਲੋ ਲਾਏ ਜਾਂ ਰਹੇ ਇਲਜ਼ਾਮ ਤੋਂ ਉਲਟ ਬੋਲ ਰਿਹਾ ਸੀ ਕਿ ਮੇਰੇ ਵਲੋਂ ਕਿਸੇ ਨੂੰ ਵੀ ਸੱਤ ਵਜੇ ਦਾ ਟਾਈਮ ਨਹੀ ਦਿੱਤਾ ਗਿਆ ਅਤੇ ਮੈਂ ਕਿਸੇ ਨਾਲ ਵੀ ਗਲਤ ਭਾਸ਼ਾ ਦੀ ਵਰਤੋਂ ਨਹੀ ਕਰਦਾ ।ਮੌਕੇ ਤੇ ਪੁਹੰਚੇ ਕਿਸਾਨ ਯੂਨੀਅਨ ਦੇ ਪ੍ਰਧਾਨ ਦਲਜੀਤ ਸਿੰਘ ਖਾਲਸਾ ਨੇ ਕਿਹਾ ਕਿ ਇਦਾਂ ਦੀ ਕਿਉ ਨੌਬਤ ਆਉਂਦੀ ਹੈ ਕਿ ਜਨਤਾ ਵਲੋਂ ਸਾਨੂੰ ਆਵਾਜ ਚੁੱਕਣੀ ਪੈ ਰਹੀ ਹੈ ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਲਗਾਏ ਗਏ ਕਿਸਾਨ ਜਾਗਰੂਕਤਾ ਕੈਂਪ

## ਪਿੰਡ ਚਲੈਲਾ, ਫੱਗਣਮਾਜਰਾ, ਲੰਗ, ਰੌਗਲਾ, ਲਚਕਾਣੀ, ਬਾਰਨ, ਹਸਨਪੁਰ ਤੇ ਮਿਰਜ਼ਾਪੁਰ ਦੇ ਕਿਸਾਨਾਂ ਨਾਲ ਵਿਗਿਆਨਕ ਜਾਣਕਾਰੀ ਸਾਂਝੀ ਕੀਤੀ

**ਪਟਿਆਲਾ/ਅਮਨ ਸਿੱਧੂ ਮੱਲੇਵਾਲ**

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ,ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੀ ਤਕਨੀਕੀ ਸਹਾਇਤਾ ਨਾਲ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਦੇ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ,ਪਟਿਆਲਾ ਵੱਲੋਂ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਚਲੈਲਾ,ਫੱਗਣ ਮਾਜਰਾ, ਲੰਗ, ਰੌਗਲਾ, ਲਚਕਾਣੀ, ਬਾਰਨ, ਹਸਨਪੁਰ ਅਤੇ ਮਿਰਜ਼ਾਪੁਰ ਵਿੱਚ ਕੈਂਪ ਆਯੋਜਿਤ ਕੀਤੇ ਗਏ ਅਤੇ ਟੀਮਾਂ ਨੇ ਕਿਸਾਨਾਂ ਨਾਲ ਵਿਗਿਆਨਕ ਜਾਣਕਾਰੀ ਸਾਂਝੀ ਕੀਤੀ।




ਇਸ ਅਭਿਆਨ ਬਾਰੇ ਗੱਲ ਕਰਦਿਆਂ ਡਿਪਟੀ ਡਾਇਰੈਕਟਰ ਕ੍ਰਿਸ਼ੀ ਵਿਗਿਆਨ ਕੇਂਦਰ,ਪਟਿਆਲਾ ਡਾ. ਹਰਦੀਪ ਸਿੰਘ ਸਭਿਖੀ ਨੇ ਦੱਸਿਆ ਕੇ ਕਿਸਾਨਾਂ ਨੂੰ ਝੋਨੇ ਦੀਆਂ ਵੱਖ-ਵੱਖ ਕਿਸਮਾਂ,ਇਹਨਾਂ ਦੀ ਲੁਆਈ ਦੇ ਢੁਕਵੇਂ ਸਮੇਂ,ਖਾਦ ਪ੍ਰਬੰਧਨ, ਬਾਗਬਾਨੀ ਅਤੇ ਭੋਜਨ ਪ੍ਰੋਸੈਸਿੰਗ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਆਪਣੇ ਭਾਸ਼ਣ ਦੇ ਵਿੱਚ ਡਾ. ਗੁਰਉਪਦੇਸ਼ ਕੌਰ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਆਯੋਜਿਤ ਕੀਤੇ ਜਾਂਦੇ ਕਿੱਤਾ ਮੁਖੀ ਸਿਖਲਾਈ ਕੋਰਸ ਅਤੇ ਗਰਮੀਆਂ ਦੀਆ ਛੁੱਟੀਆਂ ਦੌਰਾਨ ਬੱਚਿਆਂ ਲਈ ਰਚਨਾਤਮਕ ਗਤੀਵਿਧੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ। ਡਾ. ਰਚਨਾ ਸਿੰਗਲਾ,ਪ੍ਰੋਫੈਸਰ (ਬਾਗਬਾਨੀ) ਨੇ ਫਲਦਾਰ ਬੂਟਿਆਂ ਦੀ ਸਾਂਭ-ਸੰਭਾਲ ਬਾਰੇ ਨੁਕਤੇ ਸਾਂਝੇ ਕੀਤੇ।

ਇਸ ਮੌਕੇ ਬੋਲਦਿਆਂ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੌਰਵ ਅਰੋੜਾ ਨੇ ਗੰਨੇ ਦੀ ਕਾਸ਼ਤ ਅਤੇ ਪ੍ਰੋਸੈਸਿੰਗ ਬਾਰੇ ਜਾਣਕਾਰੀ ਦਿੱਤੀ। ਡਾ. ਪਰਮਜੀਤ ਕੌਰ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਪਰਖ ਦੇ ਮਹੱਤਵ ਬਾਰੇ ਦੱਸਦਿਆਂ ਖਾਦਾਂ ਅਤੇ ਪਾਣੀ ਦੀ ਸੁਚੱਜੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਇਲਾਕੇ ਦੇ ਉੱਦਮੀ ਕਿਸਾਨ ਅਵਤਾਰ ਸਿੰਘ ਨੇ ਆਈਆਂ ਹੋਇਆਂ ਟੀਮਾਂ ਦਾ ਧੰਨਵਾਦ ਕੀਤਾ।

# ਸ਼ਹਿਰ ਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ ਦਲ ਖਾਲਸਾ ਤੁਹਾਡੇ ਨਾਲ ਚਟਾਨ ਵਾਂਗ ਖੜਾ ਹੈ ਬਾਬਾ ਮੇਜਰ ਸਿੰਘ ਸੋਢੀ ਬਾਬਾ ਬਿਬੇਕ ਸਿੰਘ

**ਜੰਡਿਆਲਾ ਗੁਰੂ / ਗੁਰਦੇਵ ਸਿੰਘ ਮਨਜੋਤਰਾਂ**

ਬੀਤੇ ਦਿਨ ਜੰਡਿਆਲਾ ਗੁਰੂ ਵੈਰੋਵਾਲ ਰੋਡ ਵਿਖੇ ਸਥਿਤ ਸੁਰਿੰਦਰ ਕਰਿਆਨਾ ਸਟੋਰ ਤੇ ਮੋਟਰਸਾਇਕਲ ਸਵਾਰਾਂ ਵੱਲੋਂ ਚਲਾਈ ਗਈ ਗੋਲੀ ਸੰਬੰਧੀ ਅੱਜ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾਦਲ ਦੇ ਚੀਫ ਕਮਾਂਡਰ ਬਾਬਾ ਮੇਜਰ ਸਿੰਘ ਸੋਢੀ ਅਤੇ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਜਥੇ ਸਮੇਤ ਸਰਿੰਦਰ ਕਰਿਆਨਾ ਸਟੋਰ ਵਿਖੇ ਪਹੁੰਚੇ ਇਸ ਮੌਕੇ ਤੇ ਬਾਬਾ ਮੇਜਰ ਸਿੰਘ ਸੋਢੀ ਜੀ ਨੇ ਕਿਹਾ ਕਿ ਜੰਡਿਆਲਾ ਗੁਰੂ ਸ਼ਹਿਰ ਆਏ ਦਿਨ ਵੱਧ ਰਹੀਆਂ ਵਾਰਦਾਤਾਂ ਨਾਲ ਸਹਿਰ ਵਿੱਚ ਸਹਿਮ ਦਾ ਮਾਹੌਲ ਪੈਦਾ ਕਰਨ ਦੀਆਂ ਕੋਸਿਸਾਂ ਕੀਤੀਆ ਜਾ ਰਹੀਆ ਹਨ ਬੀਤੇ ਦਿਨ ਸਹਿਰ ਦੇ ਕੌਂਸਲਰ ਦੇ ਸਿਰ ਵਿਚ ਗੋਲੀਆਂ ਮਾਰ ਕਿ ਉਸ ਦਾ ਕਤਲ ਕਰ






ਦਿੱਤਾ ਗਿਆ ਅਤੇ ਕੁਝ ਦਿਨਾਂ ਬਾਅਦ ਸੁਰਿੰਦਰ ਕਰਿਆਨਾ ਸਟੋਰ ਉਪਰ ਫਿਰੌਤੀ ਦੇ ਕੇਸ ਚ ਤਿੰਨ ਨਕਾਬਪੋਸ਼ ਮੋਟਰਸਾਇਕਲ ਸਵਾਰਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਜਿਸ ਵਿੱਚ ਇੱਕ ਮਜਦੂਰ ਵਿਅਕਤੀ ਜੋ ਡਲਿਵਰੀ ਕਰਨ ਆਏ ਦੇ ਦੋ ਗੋਲੀਆਂ ਲੱਗ ਗਈਆਂ ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜਖ਼ਮੀ ਹੋ ਗਿਆ ਇੱਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨਾਂ ਭੈੜੇ ਅਨਸਰਾਂ ਨੂੰ ਖਾਲਸਾ ਪੰਥ ਨੱਥ ਪਾਉਣਾ ਜਾਣਦਾ ਹੈ ਅਤੇ ਸਹਿਰ ਵਾਸੀਆਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਦਲ ਪੰਥ ਹਮੇਸ਼ਾਂ ਤੁਹਾਡੇ ਨਾਲ ਖੜ੍ਹਾ ਹੈ ਅੱਗੇ ਉਨਾਂ ਕਿਹਾ ਕਿ ਜੰਡਿਆਲਾ ਗੁਰੂ ਵਿੱਚ ਮਿਹਨਤਕਸ਼ ਲੋਕ ਵੱਸਦੇ ਹਨ ਇੱਥੇ ਬਹੁਤ ਵੱਡੇ ਕਾਰੋਬਰੀਏ ਨਹੀਂ ਬੈਠੇ ਜੋ ਗੈਗਵਾਰ ਦੇ ਭਟਕੇ ਹੋਏ ਨੌਜਵਾਨਾਂ ਵੱਲੋਂ ਇਨਾਂ ਦੁਕਾਨਦਾਰਾਂ ਕੋਲੋਂ ਲੱਖਾਂ ਕਰੋੜਾਂ ਦੀਆਂ ਫਿਰੌਤੀਆਂ ਮੰਗੀਆਂ ਜਾ ਰਹੀਆ ਹਨ ਮੈਂ ਸਖਤ ਸਬਦਾਂ ਵਿਚ ਉਨਾਂ ਨੂੰ ਤਾੜਨਾ ਕਰਦਾ ਹਾਂ ਕਿ ਭਾਈ ਆਪਣੀ ਮੇਹਨਤ ਕਰਕੇ ਆਪਣੇ ਸੌਂਕ ਪੂਰੇ ਕਰੋ ਕਿਉਂ ਕਿਸੇ ਦੂਜੇ ਦੀ ਮਿਹਨਤ ਦੇ ਪੈਸੇ ਤੇ ਨਜਰਾਂ ਟਿਕਾਈਆਂ ਹੋਈਆਂ ਹਨ

ਇਨਾਂ ਕਾਰੋਬਾਰੀਆਂ ਨੂੰ ਸੌ ਦੋ ਸੌ ਇਕ ਬੋਰੀ ਵੇਚ ਕਿ ਬਚਦੇ ਹੋਣਗੇ ਤੇ ਤੁਸੀਂ ਫਿਰੌਤੀਆਂ ਮੰਗਣ ਵਾਲੇ ਲੱਖਾਂ ਰੁਪਏ ਦੀ ਮੰਗ ਕਰਦੇ ਹੋ ਇਸ ਲਈ ਮੈਂ ਦੁਬਾਰਾ ਕਹਿਣਾ ਚਾਹੁੰਦਾ ਹਾਂ ਕਿ ਆਪਣੀ ਮਿਹਨਤ ਕਰੋ ਤੇ ਆਪਣੇ ਜੀਵਨ ਨੂੰ ਸਵਾਰ ਕਿ ਜੀਓ ਅਤੇ ਦੂਜਿਆਂ ਨੂੰ ਜੀਣ ਦਿਓ ਆਖਿਰ ਵਿੱਚ ਬਾਬਾ ਬਿਬੇਕ ਸਿੰਘ ਜੀ ਨੇ ਮੰਗ ਕਰਦਿਆਂ ਹੋਇਆ ਕਿਹਾ ਕਿ ਥਾਣਾ ਜੰਡਿਆਲਾ ਗੁਰੂ ਦੇ ਐਸ ਐਚ ਓ ਨੂੰ ਬਦਲਿਆ ਜਾਵੇ ਜਦੋਂ ਵੀ ਇਨਾਂ ਕੁਰੱਪਟ ਮੁਲਾਜ਼ਮਾਂ ਬਾਰੇ ਸਾਡੇ ਵੱਲੋਂ ਬੋਲਿਆ ਜਾਂਦਾ ਤਾਂ ਸਾਡੇ ਪਿੱਛੇ ਪ੍ਰਸਾਸਨ ਲਗਾ ਦਿੱਤਾ ਜਾਂਦਾ 9

# ਮੋਹਿੰਦਰ ਭਗਤ ਵਲੋਂ ਬਸਤੀ ਸ਼ੇਖ਼ ਭਗਵਾਨ ਵਾਲਮੀਕੀ ਮੰਦਿਰ ਤੋਂ ਅਸ਼ੋਕ ਨਗਰ ਤੱਕ 45 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਬਣੀ ਸੜਕ ਦਾ ਉਦਘਾਟਨ

## ਸੂਬਾ ਤਰੱਕੀ ਦੇ ਰਾਹ 'ਤੇ, ਲੋਕਾਂ ਨਾਲ ਕੀਤੇ ਵਾਅਦੇ ਕੀਤੇ ਜਾ ਰਹੇ ਪੂਰੇ

**ਜਲੰਧਰ (ਬਾਠ)**

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਸਿੰਘ ਭਗਤ ਵਲੋਂ ਅੱਜ ਵਿਧਾਨਸਭਾ ਹਲਕਾ ਜਲੰਧਰ ਪੱਛਮੀ ਦੇ ਵਾਰਡ ਨੰਬਰ 44, 45 ਅਤੇ 48 ਵਿੱਚ ਬਸਤੀ ਸ਼ੇਖ਼ ਭਗਵਾਨ ਵਾਲਮੀਕੀ ਮੰਦਿਰ ਤੋਂ ਅਸ਼ੋਕ ਨਗਰ ਤੱਕ 45 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਬਣੀ ਸੜਕ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਤਰੱਕੀ ਦੇ ਰਾਹ 'ਤੇ ਚੱਲ ਰਿਹਾ ਹੈ ਅਤੇ ਜੋ ਵਾਅਦੇ ਲੋਕਾਂ ਨਾਲ ਕੀਤੇ ਗਏ ਸਨ, ਉਹਨਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਵਿੱਚ ਸੜਕਾਂ ਦੇ ਬੁਨਿਆਦੀ ਢਾਂਚੇ ਵਿੱਚ ਜੰਗੀ ਪੱਧਰ 'ਤੇ ਸੁਧਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੂੰ



ਵਧੀਆ ਸੜਕੀ ਨੈਟਵਰਕ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸ੍ਰੀ ਭਗਤ ਨੇ ਅੱਗੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਅਧਿਕਾਰੀਆ ਨੂੰ ਕਿਹਾ ਕਿ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਉਚ ਗੁਣਵੱਤਾ ਦੇ ਅਨੁਸਾਰ ਸਮੇਂ ਸਿਰ ਮੁਕੰਮਲ ਕਰਕੇ ਲੋਕਾਂ ਨੂੰ ਵੱਡੀ ਰਾਹਤ ਪਹੁੰਚਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਇਸ ਮੌਕੇ ਮੇਅਰ ਨਗਰ ਨਿਗਮ, ਜਲੰਧਰ ਵਿਨੀਤ ਧੀਰ ਨੇ ਕਿਹਾ ਕਿ ਨਗਰ ਨਿਗਮ, ਜਲੰਧਰ ਵਲੋਂ ਸ਼ਹਿਰ ਦੇ ਵਿਕਾਸ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਜਿਥੇ ਬਿਹਤਰੀਨ ਸੜਕਾਂ ਬਣਾਈਆਂ ਜਾ ਰਹੀਆਂ ਹਨ, ਉਥੇ ਹੀ ਹੋਰਨਾਂ ਵਿਕਾਸ ਕਾਰਜਾਂ ਨੂੰ ਵੀ ਸਮੇਂ ਸਿਰ ਮੁਕੰਮਲ ਕੀਤਾ ਜਾ ਰਿਹਾ ਹੈ। ਇਸ ਮੌਕੇ ਕੌਂਸਲਰ ਰਾਜ ਕੁਮਾਰ ਰਾਜੂ, ਸੁਦੇਸ਼ ਭਗਤ, ਹਰਜਿੰਦਰ ਸਿੰਘ, ਸੌਰਵ ਸੇਠ ਅਤੇ ਹੋਰ ਮੋਹਤਵਰ ਸਖਸ਼ੀਅਤਾਂ ਹਾਜ਼ਰ ਸਨ।

# ਗੱਡੀਆਂ 'ਤੇ ਬੱਤੀ ਅਤੇ ਕਾਲੀ ਫਿਲਮ ਲਗਾਉਣ ਸਬੰਧੀ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ/ਅਮਨ ਸਿੱਧੂ ਮੱਲੇਵਾਲ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਟਰੈਫਿਕ, ਪੰਜਾਬ, ਚੰਡੀਗੜ੍ਹ ਤੋਂ ਅਗੇਤੀ ਪ੍ਰਵਾਨਗੀ ਲਏ ਬਿਨਾਂ ਗੱਡੀਆਂ 'ਤੇ ਲਾਲ, ਨੀਲੀ, ਪੀਲੀ ਬੱਤੀ ਅਤੇ ਸੀਸ਼ਿਆਂ 'ਤੇ ਕਾਲੀ ਫਿਲਮ ਲਗਾਉਣ 'ਤੇ ਪਾਬੰਦੀ ਹੁਕਮ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਕਿਸੇ ਵੀ ਦੁਕਾਨਦਾਰ ਵੱਲੋਂ ਜੇਕਰ ਕਾਲੀ ਫਿਲਮ, ਨੀਲੀ ਬੱਤੀ, ਲਾਲ ਬੱਤੀ ਅਤੇ ਅੰਬਰ ਬੱਤੀਆਂ ਵੇਚੀਆਂ ਜਾਂਦੀਆਂ ਹਨ ਅਤੇ ਗੱਡੀ ਦੇ ਸ਼ੀਸ਼ਿਆਂ 'ਤੇ ਕਾਲੀ ਫਿਲਮ ਲਗਾਈ ਜਾਂਦੀ ਹੈ, ਉਸ ਸਬੰਧੀ ਵੀ ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 5 ਅਗਸਤ 2025 ਤੱਕ ਲਾਗੂ ਰਹਿਣਗੇ।

# ਸਤਕਾਰ ਹੈਲਥ ਸਕੀਮ ਤਹਿਤ ਪੁਲਿਸ ਵਿਭਾਗ ਵੱਲੋਂ ਕਟਾਰੀਆ ਆਈ ਐਂਡ ਈ.ਐਨ.ਟੀ. ਹਸਪਤਾਲ ਨਾਲ ਸਾਈਨ ਕੀਤਾ ਐਮ.ਓ.ਯੂ. ਰੱਦ

**ਜਲੰਧਰ (ਬਾਠ)**

ਕਮਾਂਡੈਂਟ ਆਰ.ਟੀ.ਸੀ. ਮਨਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਸਟੇਟ ਆਰਮਡ ਪੁਲਿਸ, ਜਲੰਧਰ ਵੱਲੋਂ ਪੰਜਾਬ ਪੁਲਿਸ ਦੇ ਕਰਮਚਾਰੀਆਂ ਦੀ ਭਲਾਈ ਲਈ ਮਿਤੀ 23.09.2022 ਨੂੰ ਸਤਕਾਰ ਹੈਲਥ ਸਕੀਮ ਲਾਗੂ ਕੀਤੀ ਗਈ ਸੀ। ਇਸ ਸਕੀਮ ਤਹਿਤ ਪੁਲਿਸ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਸੀ.ਜੀ.ਐਚ.ਐਸ. ਰੇਟਾਂ 'ਤੇ ਇਲਾਜ ਦੀ ਸਹੂਲਤ ਦੇਣ ਲਈ ਪੰਜਾਬ ਪੁਲਿਸ ਅਤੇ ਮਲਟੀ ਸੁਪਰਸਪੈਸ਼ਲਿਸਟ ਹਸਪਤਾਲਾਂ ਵਿਚਕਾਰ ਆਪਸੀ ਸਹਿਮਤੀ ਦੇ ਆਧਾਰ 'ਤੇ ਐਮ.ਓ.ਯੂ. ਸਾਈਨ ਕੀਤੇ ਗਏ ਸਨ।

ਉਨ੍ਹਾਂ ਦੱਸਿਆ ਕਿ ਕਟਾਰੀਆ ਆਈ ਐਂਡ ਈ.ਐਨ.ਟੀ. ਹਸਪਤਾਲ ਪ੍ਰਾਈਵੇਟ ਲਿਮ. ਜਲੰਧਰ ਵੱਲੋਂ ਵੀ ਸਤਕਾਰ ਹੈਲਥ ਸਕੀਮ ਵਿੱਚ ਸ਼ਾਮਿਲ ਹੋਣ ਲਈ ਕੀਤੀ ਗਈ ਪੇਸ਼ਕਸ਼ 'ਤੇ ਮਿਤੀ 20.04.2023 ਨੂੰ 3 ਸਾਲ ਲਈ ਐਮ.ਓ.ਯੂ. ਸਾਈਨ ਕੀਤਾ ਗਿਆ ਸੀ। ਪਿਛਲੇ ਕੁਝ ਮਹੀਨਿਆਂ ਤੋਂ ਕਟਾਰੀਆ ਆਈ ਐਂਡ ਈ.ਐਨ.ਟੀ. ਹਸਪਤਾਲ ਪ੍ਰਾਈਵੇਟ ਲਿਮ. ਜਲੰਧਰ ਵੱਲੋਂ ਬਿਨਾਂ ਪੁਲਿਸ ਵਿਭਾਗ ਨੂੰ ਸੂਚਿਤ ਕੀਤਿਆਂ ਆਪਣੀ ਮਰਜ਼ੀ ਨਾਲ ਹੀ ਪੁਲਿਸ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਤਕਾਰ ਹੈਲਥ ਸਕੀਮ ਦਾ ਲਾਭ ਦੇਣਾ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਪੁਲਿਸ ਕਰਮਚਾਰੀਆਂ ਵਿੱਚ ਉਕਤ ਹਸਪਤਾਲ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ। ਇਸ ਲਈ ਨਤੀਜੇ ਵਜੋਂ ਕਟਾਰੀਆ ਆਈ ਐਂਡ ਈ.ਐਨ.ਟੀ. ਹਸਪਤਾਲ ਪ੍ਰਾਈਵੇਟ ਲਿਮ. ਜਲੰਧਰ ਵਲੋਂ ਪੁਲਿਸ ਵਿਭਾਗ ਨਾਲ ਸਾਈਨ ਕੀਤਾ ਗਿਆ ਐਮ.ਓ.ਯੂ. ਮਿਤੀ 26.05.2025 ਤੋਂ ਰੱਦ ਕਰ ਦਿੱਤਾ ਗਿਆ ਹੈ।

# ਮੁੱਖ ਮੰਤਰੀ ਦਾ ਬਿਆਨ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ: ਬ੍ਰਹਮਪੁਰਾ ਨੇ ਸ਼੍ਰੋਮਣੀ ਕਮੇਟੀ 'ਤੇ ਮਾਨ ਦੀ ਟਿੱਪਣੀ ਦੀ ਪੁਰਜ਼ੋਰ ਨਿੰਦਾ ਕੀਤੀ

**ਤਰਨ ਤਾਰਨ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਖਡੂਰ ਸਾਹਿਬ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹਰ ਫ਼ਰੰਟ 'ਤੇ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ ਅਤੇ ਸਿਰਫ਼ ਸਸਤੀ ਸ਼ੋਹਰਤ ਅਤੇ ਦੂਜਿਆਂ 'ਤੇ ਦੂਸ਼ਣਬਾਜ਼ੀ ਕਰਕੇ ਆਪਣੀਆਂ ਨਕਾਮੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸ੍ਰ. ਬ੍ਰਹਮਪੁਰਾ ਨੇ ਕਿਹਾ, ÷ਮੁੱਖ ਮੰਤਰੀ ਭਗਵੰਤ ਮਾਨ ਸਿਰਫ਼ ਤੇ ਸਿਰਫ਼ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਅਲੋਚਨਾ ਦੇ ਸਹਾਰੇ ਹੀ ਸੱਤਾ ਦੀ ਕੁਰਸੀ 'ਤੇ ਪਹੁੰਚੇ ਹਨ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਪਿਛਲੇ



ਸਾਲਾਂ ਵਿੱਚ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਸੂਬੇ ਵਿੱਚ ਨਸ਼ਿਆਂ ਦੇ ਵੱਧ ਰਹੇ ਪ੍ਰਕੋਪ 'ਤੇ ਗੰਭੀਰ ਚਿੰਤਾ ਜ਼ਾਹਰ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, 'ਆਪ' ਨੇ ਚੋਣਾਂ ਤੋਂ ਪਹਿਲਾਂ ਦਾਅਵਾ ਕੀਤਾ ਸੀ ਕਿ ਉਹ ਹਫ਼ਤਿਆਂ ਵਿੱਚ ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕਰ ਦੇਣਗੇ। ਪਰ ਅੱਜ ਹਾਲਾਤ ਪਹਿਲਾਂ ਨਾਲੋਂ ਵੀ ਬਦਤਰ ਹਨ। ਪੰਜਾਬ ਦੀ ਜਵਾਨੀ ਹਰ ਰੋਜ਼ ਨਸ਼ਿਆਂ ਨਾਲ ਮਰ ਰਹੀ ਹੈ ਅਤੇ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਨਸ਼ਾ ਤਸਕਰ ਬੇਖੌਫ ਹਨ ਅਤੇ ਸਰਕਾਰ ਦਾ ਕੰਟਰੋਲ ਕਿਧਰੇ ਵੀ ਨਜ਼ਰ ਨਹੀਂ ਆਉਂਦਾ।

ਉਨ੍ਹਾਂ ਅੱਗੇ ਕਿਹਾ ਕਿ ਵਿਕਾਸ ਦੇ ਮਾਮਲੇ ਵਿੱਚ ਵੀ ਮਾਨ ਸਰਕਾਰ ਦਾ ਰਿਪੋਰਟ ਕਾਰਡ ਸਿਫ਼ਰ ਹੈ। ਕੋਈ ਇੱਕ ਵੀ ਵੱਡਾ ਵਿਕਾਸ ਪ੍ਰੋਜੈਕਟ, ਕੋਈ ਨਵੀਂ ਫੈਕਟਰੀ ਜਾਂ ਉਦਯੋਗ ਪੰਜਾਬ ਵਿੱਚ ਨਹੀਂ ਆਇਆ ਜਿਸ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਸੂਬਾ ਆਰਥਿਕ ਤੌਰ 'ਤੇ ਕੰਗਾਲ ਹੋ ਰਿਹਾ ਹੈ ਅਤੇ ਸਰਕਾਰ ਸਿਰਫ਼ ਇਸ਼ਤਿਹਾਰਬਾਜ਼ੀ ਰਾਹੀਂ ਝੂਠਾ ਵਿਕਾਸ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੁੱਖ ਮੰਤਰੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) 'ਤੇ ਕੀਤੀ ਗਈ ਟਿੱਪਣੀ ਦੀ ਸਖ਼ਤ ਨਿਖੇਧੀ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, ÷ਮੁੱਖ ਮੰਤਰੀ ਵੱਲੋਂ ਸਿੱਖਾਂ ਦੀ ਸਿਰਮੌਰ ਸੰਸਥਾ ਐਸਜੀਪੀਸੀ ਨੂੰ 'ਗੋਲਕ ਕਮੇਟੀ' ਕਹਿਣਾ ਬੇਹੱਦ ਮੰਦਭਾਗਾ ਅਤੇ ਉਨ੍ਹਾਂ ਦੀ ਸਿਆਸੀ ਬੌਖਲਾਹਟ ਦਾ ਪ੍ਰਤੀਕ ਹੈ। ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਮਹਾਨ ਸੰਸਥਾ ਹੈ ਜੋ ਗੁਰਧਾਮਾਂ ਦੀ ਸੇਵਾ-ਸੰਭਾਲ ਦੇ ਨਾਲ-ਨਾਲ ਸਿੱਖੀ ਦੇ ਪ੍ਰਚਾਰ-ਪ੍ਰਸਾਰ, ਵਿਦਿਅਕ ਅਦਾਰੇ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਆਸੀ ਅਤੇ ਧਾਰਮਿਕ ਮਾਮਲੇ ਵੱਖੋ-ਵੱਖਰੇ ਹਨ ਅਤੇ ਮੁੱਖ ਮੰਤਰੀ ਨੂੰ ਆਪਣੇ ਸਿਆਸੀ ਲਾਹੇ ਲਈ ਧਾਰਮਿਕ ਸੰਸਥਾਵਾਂ ਦਾ ਅਪਮਾਨ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ÷ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਡਟ ਕੇ ਖੜ੍ਹਾ ਹੈ ਅਤੇ ਅਸੀਂ ਕਿਸੇ ਵੀ ਕੀਮਤ 'ਤੇ ਆਪਣੀਆਂ ਧਾਰਮਿਕ ਸੰਸਥਾਵਾਂ ਦੀ ਬੇਅਦਬੀ ਬਰਦਾਸ਼ਤ ਨਹੀਂ ਕਰਾਂਗੇ। ਭਗਵੰਤ ਮਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ 'ਤੇ ਧਿਆਨ ਦੇਣ, ਨਾ ਕਿ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰਨ।

# ਜਲ ਸਰੋਤ ਵਿਭਾਗ ਦੇ ਜ਼ਿਲੇਦਾਰ ਵਿਸ਼ਾਲ ਸਰਮਾਂ ਨੂੰ ਡਿਪਟੀ ਕੁਲੈਕਟਰ ਪਦ ਉੱਨਤ ਹੋਣ ਤੇ ਕੀਤਾ ਸਨਮਾਨਿਤ

**ਸ੍ਰੀ ਅੰਮ੍ਰਿਤਸਰ ਸਾਹਿਬ, ਬਿਊਰੋ**

ਜਲ ਸਰੋਤ ਵਿਭਾਗ ਅੰਮ੍ਰਿਤਸਰ ਦੇ ਦਫਤਰ ਮਜੀਠਾ ਮੰਡਲ ਵਿੱਚ ਬਤੌਰ ਜਿਲ੍ਹੇਦਾਰ ਦੀਆਂ ਸੇਵਾਵਾਂ ਨਿਭਾਅ ਰਹੇ ਸ੍ਰੀ ਵਿਸ਼ਾਲ ਸ਼ਰਮਾਂ ਨੂੰ ਪੰਜਾਬ ਸਰਕਾਰ ਵੱਲੋ ਡਿਪਟੀ ਕੁਲੈਕਟਰ ਦੇ ਅਹੁੱਦੇ ਤੇ ਤਰੱਕੀ ਕਰਕੇ ਜੰਡਿਆਲਾ ਮੰਡਲ ਵਿੱਚ ਤਾਇਨਾਤ ਕੀਤਾ ਗਿਆ ਹੈ। ਜਿੱਥੇ ਕਿ ਉਹਨਾਂ ਵੱਲੋ ਆਪਣੇ ਅਹੁੱਦੇ ਦਾ ਕਾਰਜਭਾਰ ਸੰਭਾਲ ਲਿਆ ਗਿਆ ਹੈ।ਇਸ ਮੌਕੇ ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋ ਜੋ ਜਿੰਮੇਵਾਰੀ ਉਨ੍ਹਾ ਨੂੰ ਸੌਂਪੀ ਗਈ ਹੈ,ਉਹ ਪੂਰੀ ਤਨਦੇਹੀ ਅਤੇ ਲਗਨ ਨਾਲ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਮੰਡਲ ਦਫਤਰ ਦੇ ਸਮੁੱਚੇ ਸਟਾਫ ਅਤੇ ਵੱਖ-ਵੱਖ ਮੁਲਾਜ਼ਮ ਜਥੇਬੰਦੀਆ



ਦੇ ਆਗੂਆ ਵੱਲੋ ਉਨ੍ਹਾ ਨੂੰ ਫੁੱਲਾਂ ਦੇ ਗੁਲਦਸਤੇ ਦੇਕੇ ਸਨਮਾਨਿਤ ਕੀਤਾ ਗਿਆ।ਹੋਰਨਾ ਤੋਂ ਇਲਾਵਾ ਇਸ ਮੌਕੇ ਡਿਪਟੀ ਕੁਲੈਕਟਰ ਸ੍ਰੀ ਸੁਨੀਲ ਗੌਤਮ,ਜ਼ਿਲੇਦਾਰ ਰਾਕੇਸ਼ ਮੈਣੀ,ਮੁਲਾਜ਼ਮ ਆਗੂ ਰਾਕੇਸ਼ ਕੁਮਾਰ ਬਾਬੋਵਾਲ ਅਤੇ ਨਿਸ਼ਾਨ ਸਿੰਘ ਰੰਧਾਵਾ, ਨਿਰਮਲ ਸਿੰਘ ਆਰ ਸੀ,ਕੇਵਲ ਸਿੰਘ ਭਿੰਡਰ,ਨਿਸ਼ਾਨ ਸਿੰਘ ਸੰਧੂ ਐਸਡੀਸੀ ,ਸੁਰਿੰਦਰਪਾਲ ਸਿੰਘ, ਦਿਲਬਾਗ ਸਿੰਘ ਪਟਵਾਰੀ, ਦਿਲਪ੍ਰੀਤ ਕੌਰ ਪਟਵਾਰੀ, ਬਲਜੀਤ ਸਿੰਘ ਏ ਆਰ ਸੀ,ਹਰਪ੍ਰੀਤ ਸਿੰਘ ਪਟਵਾਰੀ,ਰਮੇਸ਼ ਕੁਮਾਰ ਸਰਬਜੀਤ ਸਿੰਘ,ਬਲਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਰੋਟਰੀ ਕਲੱਬ ਅੰਮ੍ਰਿਤਸਰ ਕੈਂਟ ਜ਼ਿਲ੍ਹਾ ਗਵਰਨਰ ਵੱਲੋਂ ਕਰਵਾਏ ਗਏ ਧੰਨਵਾਦ ਸਮਾਰੋਹ ਵਿੱਚ ਚਮਕਿਆ

**ਅੰਮ੍ਰਿਤਸਰ**

ਰੋਟਰੀ ਜ਼ਿਲ੍ਹਾ ਗਵਰਨਰ ਆਰ.ਟੀ.ਐਨ. ਡਾ. ਪੀ.ਐਸ. ਗਰੋਵਰ ਵੱਲੋਂ ਜ਼ਿਲ੍ਹਾ 3070 ਦੇ ਉਤਸਵ ਰਿਜ਼ੋਰਟਜ਼, ਪਠਾਨਕੋਟ ਵਿਖੇ ਇੱਕ ਸ਼ਾਨਦਾਰ ਧੰਨਵਾਦ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਚ ਜ਼ਿਲ੍ਹੇ ਭਰ ਦੇ ਰੋਟਰੀ ਕਲੱਬਾਂ ਅਤੇ ਮੈਂਬਰਾਂ ਦਾ ਬੇਮਿਸਾਲ ਯੋਗਦਾਨ ਸੀ ਰੋਟਰੀ ਕਲੱਬ ਅੰਮ੍ਰਿਤਸਰ ਕੈਂਟ ਸ਼ਾਮ ਦੇ ਸਭ ਤੋਂ ਵੱਧ ਪ੍ਰਸ਼ੰਸਾਯੋਗ ਕਲੱਬਾਂ ਵਿੱਚੋਂ ਇੱਕ ਵਜੋਂ ਉਭਰਿਆ, ਜਿਸਨੇ ਰੋਟਰੀ ਸਾਲ ਦੌਰਾਨ ਆਪਣੇ ਸ਼ਾਨਦਾਰ ਸਮਾਜਿਕ ਕਾਰਜਾਂ ਅਤੇ ਪ੍ਰਭਾਵਸ਼ਾਲੀ ਭਾਈਚਾਰਕ ਸੇਵਾ ਪ੍ਰੋਜੈਕਟਾਂ ਲਈ ਕਈ ਪ੍ਰਸ਼ੰਸਾ ਪ੍ਰਾਪਤ ਕੀਤੀ




ਸਨਮਾਨਾਂ ਦੀ ਅਗਵਾਈ ਕਰਦੇ ਹੋਏ, ਆਰ.ਟੀ.ਐਨ. ਡਾ. ਅਮਰਜੀਤ ਸਿੰਘ ਸਚਦੇਵਾ ਨੂੰ ਉਨ੍ਹਾਂ ਦੀ ਮਿਸਾਲੀ ਅਗਵਾਈ ਅਤੇ ਆਪਣੇ ਆਪ ਤੋਂ ਉੱਪਰ ਸੇਵਾ ਪ੍ਰਤੀ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ, ਵੱਕਾਰੀ ਆਊਟਸਟੈਂਡਿੰਗ ਰੋਟਰੀ ਕਲੱਬ ਪ੍ਰੈਜ਼ੀਡੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਕਲੱਬ ਦੀ ਸ਼ਾਨ ਵਿੱਚ ਵਾਧਾ ਕਰਦੇ ਹੋਏ, ਆਰ.ਟੀ.ਐਨ. ਉਪਕਾਰ ਸਿੰਘ, ਜ਼ਿਲ੍ਹਾ ਸਕੱਤਰ 3070, ਨੂੰ ਰੋਟਰੀ ਲਹਿਰ ਵਿੱਚ ਉਨ੍ਹਾਂ ਦੇ ਨਿਰੰਤਰ ਸਮਰਪਣ ਅਤੇ ਮਹੱਤਵਪੂਰਨ ਯੋਗਦਾਨ ਲਈ ਸੀਨੀਅਰ ਰੋਟੇਰੀਅਨ ਅਵਾਰਡ ਪ੍ਰਾਪਤ ਹੋਇਆ ਇਸ ਤੋਂ ਇਲਾਵਾ ਆਰ ਟੀ ਐਨ ਅਜੀਤ ਸਿੰਘ ਤੁਲੀ, ਆਰ ਟੀ ਐਨ ਕਪਿਲ ਮਹਿਰਾ, ਆਰ ਟੀ ਐਨ ਰੁਪਿੰਦਰ ਕਟਾਰੀਆ ਅਤੇ ਕਲੱਬ ਸਕੱਤਰ ਆਰ ਟੀ ਐਨ ਪ੍ਰਭਜੋਤ ਕੌਰ ਸੋਖੀ ਨੂੰ ਕਲੱਬ ਅਤੇ ਕਮਿਊਨਿਟੀ ਪਹਿਲਕਦਮੀਆਂ ਵਿੱਚ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਅਤੇ ਨਿਰੰਤਰ ਯਤਨਾਂ ਨੂੰ ਉਜਾਗਰ ਕਰਦੇ ਹੋਏ, ਹਰੇਕ ਨੂੰ ਸ਼ਾਨਦਾਰ ਰੋਟੇਰੀਅਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਇਸ ਸਮਾਗਮ ਵਿੱਚ ਜ਼ਿਲ੍ਹੇ ਭਰ ਦੇ ਰੋਟੇਰੀਅਨਾਂ ਅਤੇ ਆਰ ਟੀ ਐਨ ਰਿਪੂ ਦਮਨ ਮਲਹੋਤਰਾ ਆਰ ਟੀ ਐਨ ਟੀ ਐਸ ਸੋਖੀ ਨੇ ਸਮਾਗਮ ਦੀ ਸ਼ੋਭਾ ਵਧਾਈ। ਸਮਾਗਮ ਦਾ ਅੰਤ ਸ਼ੁਕਰਗੁਜ਼ਾਰੀ, ਦੋਸਤੀ ਅਤੇ ਸੇਵਾ ਪ੍ਰਤੀ ਨਵੀਂ ਵਚਨਬੱਧਤਾ ਦੀ ਭਾਵਨਾ ਨਾਲ ਹੋਇਆ।

# ਸਾਥਕਾ ਸੈਨਿਕਾਂ ਦੇ ਮੁੱਖ ਸੰਗਠਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਅਤਿ ਸ਼ਲਾਘਾਯੋਗ

## ਸਭ ਤੋਂ ਵਧੀਆ ਕਾਰਗੁਜਾਰੀ ਵਾਲੇ ਸੰਗਠਨ ਨੂੰ ਕੀਤਾ ਜਾਵੇਗਾ ਸਨਮਾਨਿਤ—ਕੈਪਟਨ ਸੁਭਾਸ਼ ਸ਼ਰਮਾ

**ਫਿਰੋਜ਼ਪੁਰ/ਮਨੋਹਰ ਲਾਲ**

ਕੈਪਟਨ ਸੁਭਾਸ਼ ਚੰਦਰ ਸ਼ਰਮਾ ਬਿਊਰੋ ਚੀਫ ਜਿ ?ਲ੍ਹਾ ਮੋਗਾ ਦੀ ਹਦੂਦ ਅੰਦਰ ਕਈ ਸਾਬਕਾ ਸੈਨਿਕ ਵੈਲਫੇਅਰ ਸੰਗਠਨ ਹਨ। ਪਿਛਲੇ ਸਾਲ ਉਕਤ ਸੰਗਠਨਾਂ ਨੂੰ ਇਕਜੁੱਟ ਕਰਕੇ ਸਾਬਕਾ ਸੈਨਿਕ ਸੰਯੁਕਤ ਕਮੇਟੀ ਦਾ ਗਠਨ ਹੋਇਆ। ਸੰਗਠਨ ਦੇ ਸੰਵਿਧਾਨ ਮੁਤਾਬਿਕ ਸੰਗਠਨਾਂ ਮੁੱਖੀਆਂ ਨੇ ਕੈਪਟਨ ਸੁਭਾਸ਼ ਚੰਦਰ ਸ਼ਰਮਾ ਨੂੰ ਚੇਅਰਮੈਨ ਮਨੋਨੀਤ ਕੀਤਾ, ਜਦੋਂ ਕਿ ਸਰਬਸੰਮਤੀ ਨਾਲ ਚਾਰੇ ਤਹਿਸੀਲਾਂ ਦੇ ਮੁੱਖੀਆਂ ਦੀ ਨਿਯੁਕਤੀ ਕੀਤੀ ਗਈ। ਇਸ ਮੌਕੇ ਸੈਨਿਕ ਸੰਘਰਸ਼ ਕਮੇਟੀ ਰਜਿ: ਦੇ ਸੂਬੇਦਾਰ ਜਗਜੀਤ ਸਿੰਘ ਮੋਗਾ, ਵੈਟਰਨ ਵੈਲਫੇਅਰ ਆਰਗੇਨਾਈਜ਼ੇਸ਼ਨ ਇੰਡੀਆ ਰਜਿ: ਦੇ ਕੈਪਟਨ ਬਿੱਕਰ ਸਿੰਘ ਧਰਮਕੋਟ, ਐਕਸ ਸਰਵਿਸਮੈਨ ਵੈਲਫੇਅਰ ਯੂਨੀਅਨ ਰਜਿ: ਬਾਘਾਪੁਰਾਣਾ ਦੇ ਸੂਬੇਦਾਰ ਮੇਜਰ ਹਰਦੀਪ ਸਿੰਘ ਗਿੱਲ ਬਾਘਾਪੁਰਾਣਾ ਤੇ ਸਾਬਕਾ ਸੈਨਿਕ



ਵੈਲਫੇਅਰ ਸੁਸਾਇਟੀ ਮਾਣੂੰਕੇ ਗਿੱਲ ਦੇ ਕੈਪਟਨ ਸੁਰਜੀਤ ਸਿੰਘ ਨਿਹਾਲ ਵਾਲਾ। ਇਸ ਤਰ੍ਹਾਂ ਜਿ ?ਲ੍ਹੇ ਵਿੱਚ ਪਿੰਡਾਂ ਤੇ ਤਹਿਸੀਲ ਪੱਧਰ ਤੇ ਸਾਬਕਾ ਸੈਨਿਕ ਸੰਗਠਨ ਸਮਾਜ ਭਲਾਈ, ਧਾਰਮਿਕ, ਸਮਾਜਿਕ ਕਾਰਜਾਂ, ਜਰੂਰਤਮੰਦ ਪਰਿਵਾਰਾਂ ਨੂੰ ਸਹਿਯੋਗ, ਵਾਤਾਵਰਣ ਸੁਰੱਖਿਆ ਤੇ ਨਵੀਂ ਪੀੜ੍ਹੀ ਦਾ ਵੀ ਮਾਰਗ ਦਰਸ਼ਕ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਸਾਬਕਾ ਸੈਨਿਕਾਂ ਦੀ ਨਿਸ਼ਵਾਰਰਥ ਵਧੀਆ ਕਾਰਗੁਜਾਰੀ ਸਦਕਾ ਸਮਾਜ ਵਿੱਚ ਨਾਮਾ ਖੱਟ ਰਹੇ ਹਨ, ਆਮ ਜਨਤਾ ਵਿੱਚ ਸਾਬਕਾ ਸੈਨਿਕਾਂ ਪ੍ਰਤੀ ਪਿਆਰ ਸਤਿਕਾਰ ਦਿਨੋਂ—ਦਿਨ ਵੱਧ ਰਿਹਾ ਹੈ, ਕਿਉਂਕਿ ਸਾਬਕਾ ਸੈਨਿਕ ਲੋਕ ਭਲਾਈ ਕਾਰਜਾਂ ਲਈ ਹਮੇਸ਼ਾ ਮੋਹਰੀ ਹਨ। ਜਿ ?ਲ੍ਹੇ ਦੇ ਸਾਰੇ ਸਾਬਕਾ ਸੈਨਿਕ ਸੰਗਠਨਾਂ ਦੇ ਮੁਕਾਬਲੇ ਵਿੱਚ ਸਭ ਤੋਂ ਵਧੀਆ ਕਾਰਗੁਜਾਰੀ ਵਾਲੇ ਸਾਬਕਾ ਸੈਨਿਕ ਸੰਗਠਨ ਨੂੰ ਵਿਸ਼ੇਸ ਸਮਰੋਹ ਦੋਰਾਨ ਸਰਵਸ੍ਰੇਸ਼ਠ ਸੰਗਠਨ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਸੰਗਠਨ ਦੇ ਚੇਅਰਮੈਨ ਦਾ ਕਹਿਣਾ ਹੈ ਕਿ ਸਾਬਕਾ ਸੈਨਿਕ ਸਿਵਿਲ ਡਿਫੈਂਸ, ਕੁਦਰਤੀ ਆਪਦਾ, ਸੁਰੱਖਿਆ ਪ੍ਰਬੰਧਾਂ, ਅੱਗ ਬੁਝਾਉਣ ਕਾਰਜਾਂ ਅੱਗ ਲਗਣ ਤੋਂ ਬਚਾਵ ਜਾਗ➡ਕਤਾ ਆਦਿ ਲਈ ਸਮਰੱਥ ਹਨ। ਨੌਜਵਾਨ ਵਰਗ ਨੂੰ ਸੈਨਾ, ਪੁਲਿਸ, ਪੈਰਾ ਮਿਲਟਰੀ ਫੋਰਸ ਆਦਿ ਵਿੱਚ ਭਰਤੀ ਲਈ ਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਦੇ ਰਹੇ ਹਨ। ਉਨ੍ਹਾਂ ਪ੍ਰਸ਼ਾਸਨ ਨੂੰ ਬੇਨਤੀ ਕਰਦੀਆਂ ਕਿਹਾ ਕਿ ਸਾਬਕਾ ਸੈਨਿਕਾਂ, ਵੀਰ ਨਾਰੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਸਰਕਾਰੀ ਆਦਰਿਆਂ ਵਿੱਚ ਬਣਦਾ ਮਾਣ ਸਤਿਕਾਰ ਮਿਲਣਾ ਯਕੀਨੀ ਬਣਾਇਆ ਜਾਵੇ। ਸਾਬਕਾ ਸੈਨਿਕਾਂ ਦੇ ਮੁੱਖੀਆਂ ਨੂੰ ਪ੍ਰਸ਼ਾਸਨ ਦੀ ਤਿਮਾਹੀ ਮੀਟਿੰਗ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਕਿ ਡਿਫੈਂਸ ਪੈਨਸ਼ਨਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਹੋ ਸਕੇ।

# ਲੁਧਿਆਨਾ ਵਿਖ਼ੇ 14 ਜੂਨ ਦੀ ਰੈਲੀ ਦੀਆਂ ਤਿਆਰੀਆਂ ਮੁਕੰਮਲ—ਮੋਹਿੰਦਰ ਸਿੰਘ ਧਾਲੀਵਾਲ

**ਫਿਰੋਜ਼ਪੁਰ/ਮਨੋਹਰ ਲਾਲ**

ਪੰਜ਼ਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ ਤੇ 14 ਜੂਨ 2025 ਨੂੰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਬਣਦੇ ਬਕਾਏ ਆਦਿ ਮੰਗਾਂ ਦੀ ਪੂਰਤੀ ਲਈ ਕੀਤੀ ਜਾਣ ਵਾਲੀ ਰੈਲੀਆਂ ਦੀਆਂ ਤਿਆਰੀਆਂ ਮੁਕੰਮਲ। ਇਹ ਵਿਚਾਰ ਸਾਂਝੇ ਕਰਦਿਆਂ ਮੋਹਿੰਦਰ ਸਿੰਘ ਧਾਲੀਵਾਲ ਵਿੱਤ ਸਕੱਤਰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਫ਼ਿਰੋਜ਼ਪੁਰ ਨੇ ਦੱਸਿਆ ਕਿ ਪੈਨਸ਼ਨਰਾਂ ਦੇ ਬਣਦੇ ਬਕਾਏ ਇੱਕ ਕਿਸ਼ਤ ਵਿਚ ਦੇਣ, ਰਹਿੰਦੀਆਂ ਡੀ.ਏ ਦੀਆਂ ਕਿਸ਼ਤਾਂ ਨਗਦ ਦੇਣ, ਦਿਹਾੜੀਦਾਰ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ, ਮਿਡ—ਡੇ—ਮੀਲ, ਕੰਟੈਕਟ ਮੁਲਾਜ਼ਮਾਂ ਨੂੰ ਬਿਨ੍ਹਾਂ ਦੇਰੀ ਪੱਕਾ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਪੰਜ਼ਾਬ ਸਰਕਾਰ ਦੀ ਤਾਲ ਮਟੋਲ ਦੀ ਨੀਤੀ ਵਿ➡ਧ ਮਿਤੀ 14 ਜੂਨ ਨੂੰ ਲੁਧਿਆਨਾ ਵਿਖ਼ੇ ਹੋਣ ਵਾਲੀ ਰੈਲੀ ਅਤੇ ਮਾਰਚ ਦੀ



ਤਿਆਰੀ ਲਈ ਅੱਜ ਫਿਰੋਜਪੁਰ ਸਾਂਝੇ ਫਰੰਟ ਦੇ ਅਹੁਦੇਦਾਰ ਅਤੇ ਸਰਗਰਮ ਮੈਂਬਰਾਂ ਵੱਲੋਂ ਪੰਜਾਬ ਪੁਲਿਸ ਪੈਨਸ਼ਨਰ ਐਸੋਸੀਏਸ਼ਨ ਦਫ਼ਤਰ ਫ਼ਿਰੋਜ਼ਪੁਰ ਵਿਖੇ ਜਿਲ੍ਹਾ ਕਨਵੀਨਰ ਸ਼ ?ਰੀ ਸ਼ਬੇਗ ਸਿੰਘ, ਕੋ ਕਨਵੀਨਰ ਜਸਪਾਲ ਸਿੰਘ ਰਿਟਾਇਰਡ ਡੀ.ਐਸ.ਪੀ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਵੱਖ—ਵੱਖ ਵਿਭਾਗਾਂ ਦੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਵਲੋਂ ਸਮੂਲੀਅਤ ਕਰਕੇ ਅਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਸ਼ਵਾਸ਼ ਦਵਾਇਆ ਕਿ ਮੰਗਾ ਦੀ ਪ੍ਰਾਪਤੀ ਲਈ ਲੁਧਿਆਨਾ ਦੀ ਰੈਲੀ ਅਤੇ ਮਾਰਚ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਡੀ.ਐਸ.ਪੀ, ਸ਼ਬੇਗ ਸਿੰਘ ਕਨਵੀਨਰ, ਗੁਰਪ੍ਰਤਾਪ ਸਿੰਘ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ, ਜਗਦੀਪ ਸਿੰਘ ਮਾਂਗਟ ਜਿ ?ਲ੍ਹਾ ਜਨਰਲ ਸਕੱਤਰ ਪ.ਸ.ਸ.ਫ, ਮੁਹਿੰਦਰ ਸਿੰਘ ਧਾਲੀਵਾਲ ਵਿੱਤ ਸਕੱਤਰ, ਗੁਰਤੇਜ ਸਿੰਘ ਬਰਾੜ ਜਨਰਲ ਸਕੱਤਰ ਪੰਜਾਬ ਰੋਡਵੇਜ਼ ਪੈਨਸ਼ਨਰ ਐਸੋਸੀਏਸ਼ਨ, ਪਵਨ ਕੁਮਾਰ, ਜਗਤਾਰ ਸਿੰਘ, ਅਜੀਤ ਸਿੰਘ ਸੋਢੀ, ਰਾਮ ਪ੍ਰਕਾਸ਼ ਰਿਟਾਇਰਡ ਐਸ.ਪੀ, ਪ੍ਰਤਾਪ ਸਿੰਘ ਸੀਨੀਅਰ ਮੀਤ ਪ੍ਰਧਾਨ ਪੁਲਿਸ ਪੈਨਸ਼ਨਰ, ਕਸ਼ਮੀਰ ਸਿੰਘ ਜੇਲ੍ਹ ਵਿਭਾਗ ਪੈਨਸ਼ਨਰ ਐਸੋਸੀਏਸ਼ਨ, ਤਾਰਾ ਸਿੰਘ, ਮੁਖਤਿਆਰ ਸਿੰਘ ਰਿਟਾਇਰਡ ਇਨਪੈਕਟਰ, ਹਰਬੰਸ ਸਿੰਘ, ਬਲਵੰਤ ਸਿੰਘ, ਨਰੇਸ਼ ਸੈਣੀ ਆਦਿ ਨੇ ਸੰਬੋਧਨ ਕੀਤਾ।

# ਨੇਕੀ ਦੀ ਮਦਦ ਕਰਨਾ ਬੁਰਾਈ ਦਾ ਵਿਰੋਧ ਕਰਨਾ ਹੀ ਨੇਕੀ—ਪੀ.ਸੀ ਕੁਮਾਰ

**ਫਿਰੋਜ਼ਪੁਰ/ਮਨੋਹਰ ਲਾਲ**

ਨੇਕੀ ਦੀ ਮਦਦ ਕਰਨਾ ਬੁਰਾਈ ਦਾ ਵਿਰੋਧ ਕਰਨਾ ਕਰਨਾ ਹੀ ਨੇਕੀ ਹੈ। ਇਹ ਵਿਚਾਰ ਪੀ.ਸੀ ਕੁਮਾਰ ਸਮਾਜ ਸੇਵੀ ਸੰਸਥਾਵਾਂ ਦੇ ਮੁੱਖ ਕਾਰਜ ਕਰਤਾ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸਮਾਜ ਸਮਾਜ ਸੁਧਾਰਕ ਨੇ ਸਮਾਜ ਵਿਚ ਫੈਲੀਆਂ ਊਣਤਾਈਆਂ ਨੂੰ ਦੂਰ ਕਰਨ ਦੀ ਗੁਹਾਰ ਲਗਾਈ। ਇਹ ਵਿਚਾਰ ਪਿਛਲੇ ਅਰਸਾ ਦਰਾਜ 50 ਸਾਲਾਂ ਤੋਂ ਸਰਕਾਰੀ ਪ੍ਰਾਈਵੇਟ ਅਦਰੇ ਦਾ ਰਿਹਾ ਆਮ ਸਮਾਜ ਸੁਧਾਰ ਸ਼ਿਕਾਇਤ ਅਨਵਾਰਨ ਮੀਆਂ ਬੀਵੀ ਝਗੜਾ ਨਿਵਾਰਨ ਲੋਕ ਅਦਾਲਤਾਂ ਦੀ ਸੰਭਾਲ ਪਛੜੇ ਵਰਗਾਂ ਗਰੀਬੀ ਰੇਖਾ ਤੋਂ ਧੱਲੇ ਸੈਂਕੜੇ ਪਰਿਵਾਰਾਂ ਦੀ ਲੰਬੇ ਅਰਸੇ ਤੋਂ ਜਿਥੇ ਰਾਸ਼ਨ ਦੀ ਮਦਦ ਉੱਥੇ ਉਨ੍ਹਾਂ ਦੀ ਗਿਆਨੀ ਮਾਲੀ ਬੱਚਿਆਂ ਨੂੰ ਪੈਰਾਂ ਤੇ ਖੜੇ ਕਰਨ ਪੰਚਾਇਤੀ ਸੰਸਥਾ ਦੀ ਮਦਦ ਨਾਲ ਨੇਕੇ ਦੀ ਮਦਦ ਕਰਨਾ ਹੀ ਨੇਕੀ ਹੈ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਵਿਦਿਆ ਦੇ ਖੇਤਰ ਵਿੱਚ ਹਰ ਤਰ੍ਹਾਂ ਦੀ ਮਦਦ ਨਾਲ ਚੰਗੇ ਘਰ ਸਕੂਲ ਸਮਾਜ ਦੇਸ਼ ਨਾਗਰ ਜੋ ਅੱਜ ਕਾਲ ਪੈ ਗਿਆ ਹੈ ਸਕੂਲਾਂ ਕਾਲਜਾਂ ਤੇ ਹੋਰ ਸਰਕਾਰੀ ਪ੍ਰਾਈਵੇਟ ਦਾਰਿਆਂ ਵਿੱਚ 50 ਸਾਲਾਂ ਵਿੱਚ ਹਜ਼ਾਰਾਂ ਨਹੀਂ ਲੱਖਾਂ ਬਲ ਕੇ ਕਰੋੜਾਂ ਦੀ ਗਿਣਤੀ ਵਿੱਚ ਸੁਬਹਾ ਦੀਆਂ ਸਭਾਵਾਂ ਵਿੱਚ ਬੱਚਿਆਂ ਟੀਚਰਾਂ ਮਾਪਿਆਂ ਆਦਿ ਦੇ ਨਾਲ ਵਿਚਾਰ ਸਾਂਝੇ ਕਰਦੇ ਹੋਏ ਅੱਜ ਬੱਚੇ ਬੱਚਿਆਂ ਜੋ ਹੁਣ ਆਪਣੇ ਪੈਰਾਂ ਤੇ ਖੜੇ ਉਹ ਕੇ ਨੇਕੀ ਦੀ ਮਦਦ ਬੁਰਾਈ ਦੀ ਡਟ ਕੇ ਮੁਖਾਲਫਤ ਕਰ ਇਨ੍ਹਾਂ ਸਰੀਰ ਮਾਨਸਕ ਸਮਾਜਕ ਕੁਰੀਤੀਆਂ ਬਿਮਾਰੀਆਂ ਖਾਸ ਤੌਰ ਤੇ ਨਸ਼ਾ ਗੋਰੀ ਰਿਸ਼ਵਤ ਕੋਰੀ ਮਿਲਾਵਟ ਕੋਰੀ ਧਰਮ ਜਾਤ ਬਾਤ ਤੋਂ ਉਪਰ ਉਠ ਇਕ ਚੰਗੇ ਇਨਸਾਨ ਬਣ ਜਿੱਥੇ ਆਪਣੇ ਮਾਤਾ ਪਿਤਾ ਜਿੱਥੇ ਕੰਮ ਜਾਏ ਘਰੇਲੂ ਔਰ ਸਰਕਾਰੀ ਦਾਇਰੇ ਵਿੱਚ ਇੱਕ ਨਾਨਾ ਇਹ ਨਹੀਂ ਬਲਕਿ ਚੰਗੇ ਗੁਣਾਂ ਦੇ ਧਾਰਨੀ ਨੇਕੀ ਦੀ ਹਾਮੀ ਹਰ ਤਰ੍ਹਾਂ ਦੀ ਬੁਰਾਈ ਦਾ ਵਿਰੋਧ ਨੇਕੀ ਦੀ ਮਦਦ ਕਰ ਹਮ ਤੋਂ ਅਕੇਲੇ ਚਲੇ ਥੇ ਜਾਣ ਕੇ ਮੰਜਲ ਲੋਕ ਸਾਥ ਮਿਲਤੇ ਗਏ ਕਾਰਵਾਂ ਬਣਤਾ ਗਿਆ ਅੱਜ ਦਾਵੇ ਨਾਲ ਕਿਹਾ ਜਾ ਸਕਦਾ ਹੈ ਅੱਜ ਅਜਿਹੇ ਲੋਕ ਕੌਣ ਸਮਾਜ ਸੇਵੀ ਸਤਾਵਾਂ ਜੋ ਭਾਈ ਘਨਈਆ ਦੀ ਤਰਜ ਤੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਜੋ ਪਰਮਾਤਮਾ ਦੇ ਜੀਵ ਜ ਪ੍ਰਾਣੀਆਂ ਕੁਦਰਤ ਨਾਲ ਪਿਆਰ ਕਰਦੇ ਹਨ ਰੱਬ ਉਹਨਾਂ ਨੂੰ ਪਿਆਰ ਕਰਦਾ ਕਰਦਾ ਹੈ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨੇ ਕਹਿ ਕਹਾਏ ਮਾਨਸ ਕੀ ਜਾਤ ਸਭੇ ਏਕੋ ਪਚਾਨਬੋ ਜਿਸ ਮੁਹਮ ਨੂੰ ਅੱਗੇ ਤੋਰਦੇ ਹੋਏ ਅੱਜ ਸਭ ਪਾਸੇ ਇਹ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਇਸ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ ਕਿ ਨਾਲ ਹੀ ਇਸ ਮੁਹਿੰਮ ਦੇ ਵਿੱਚ ਨਾ ਕੇਵਲ ਸਰੀਰਕ ਮਾਣਸ ਸਮਾਜਿਕ ਆਰਥਕ ਸਹਿਯੋਗ ਦੇ ਕੇ ਇਸ ਨੇ ਕੰਮ ਨੂੰ ਅੱਗੇ ਤੋਰਿਆ ਜਾ ਰਿਹਾ ਹੈ ਔਰ ਜਦ ਕਦੇ ਵੀ ਕੋਈ ਕੁਦਰਤੀ ਗੈਰ ਕੁਦਰਤੀ ਆਫਤ ਆਏ ਆ ਰਹੇ ਹ ਜਾਂ ਫਿਰ ਸ਼ਾਂਤਮਈ ਢੰਗ ਸਮੇਂ ਵੀ ਇਹ ਲਗਾਤਾਰ ਹਰ ਤਰ੍ਹਾਂ ਦੀ ਸੇਵਾ ਦੇ ਖੇਤਰਾਂ ਜਿਵੇਂ ਕਿ ਗਊਸ਼ਾਲਾ ਕੋਈ ਸਾਲਾ ਸ਼ਮਸ਼ਾਨ ਘਾਟ ਤੇ ਹੋਰ ਸੇਵਾ ਦੇ ਖੇਤਰਾਂ ਖਾਸ ਤੌਰ ਤੇ ਗਰੀਬੀ ਰੇਖਾ ਤੋਂ ਥੱਲੇ ਵਾਲੇ ਪਰਿਵਾਰਾਂ ਦੀ ਜਿੱਥੇ ਮਾਲੀ ਮਦਦ ਉਥੇ ਉਹਨਾਂ ਦੇ ਬੱਚਿਆਂ ਦੀ ਔਰਤਾਂ ਦੀ ਮਦਦ ਕਰਕੇ ਅੱਜ ਜਬ ਹਮ ਜਗ ਮੇ ਆਏ ਥੇ ਜਗਹ ਸੇ ਹਮ ਰੋਏ ਐਸੀ ਕਰਨੀ ਕਰ ਚਲੋ ਹਮ ਹੰਸ ਜਗ ਰੋਏ ਨੂੰ ਮੋ ਕਰਾਦੇ ਹੋਏ ਇਹ ਸੰਸਥਾ ਸਦਾ ਵਰਤ ਪੰਚਾਇਤੀ ਜੋ 1 1914 ਜਦੋਂ ਇਥੇ ਕੁਦਰਤੀ ਆਫਤਾਂ ਕਾਲ ਭੂਚਾਲ ਤੇ ਲੜਾਈਆਂ ਹੋਈਆਂ ਉਸ ਵੇਲੇ ਇਹਨਾਂ ਸਾਡੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਹੋਂਦ ਵਿੱਚ ਆਏ ਕਿ ਅੱਜ ਸੇਵਾ ਦੇ ਹਰ ਖੇਤਰ ਵਿੱਚ ਮਦਦ ਦੇਸ਼ ਦੀ ਏਕਤਾ ਅਖੰਡਤਾ ਭਾਈਚਾਰਾ ਨੂੰ ਬੜਾ ਵਾਦੇ ਲਈ ਹਰ ਲੋੜਵੰਦ ਤੱਕ ਚਾਹੇ ਉਹ ਡਾਕਟਰੀ ਹੋਵੇ ਵਿਦਿਆ ਦੇ ਖੇਤਰ ਵਿੱਚ ਹੋਵੇ ਜਾਂ ਕੋਈ ਉਸ ਨੂੰ ਜਾਨੀ ਮਾਲੀ ਮਦਦ ਦੀ ਲੋੜ ਹੋਵੇ ਉਸ ਵਿੱਚ ਡੋਟ ਸਟੈਪ ਤੇ ਜਾ ਕੇ ਮਦਦ ਕਰਦੇ ਹੋਏ ਅੱਜ ਸਰਕਾਰ ਤੇ ਜਨਤਾ ਵਿੱਚ ਇਕ ਘੜੀ ਦਾ ਕੰਮ ਕਰਦੀ ਹੋਈ ਲੋਕਾਂ ਦੀ ਲੋਕਾਂ ਲਈ ਕਿ ਲੋਕਾਂ ਦੁਆਰਾ ਬਣਾਈ ਇਹ ਸੰਸਥਾਤਾਂ ਹਜ਼ਾਰੂੰ ਮਹਿਫਲੇ ਹਰ ਰੋਜ਼ ਸਹਿਤੀ ਹੈ ਸੈਂਕੜੇ ਰੋ ਹਰ ਮਹਿਫਲ ਮੇ ਬੁਲਾਏ ਜਾਤੇ ਹੈ ਹਮ ਸਮਾਜ ਸੇਵਕੋ ਕਾ ਹੈ ਆਪਣਾ ਹੀ ਦਸਤੂਰ ਹਮ ਬਿਨ ਬੁਲਾਏ ਚਲੇ ਆਤੇ ਹੈ ਜਹਾਂ ਦੇਖਤੇ ਹੈ ਰੋਸ਼ਨੀ ਕੀ ਕਮੀ ਵਹਾਂ ਦੀਪ ਦੀਪ ਜੇ ਲਾਏ ਜਾਤੇ ਹੈ ਇਸ ਧੂਲ ਤੇ ਚਲਦੀ ਹੋਈ ਦਿਨ ਰਾਤ ਆਪਣੇ ਸਾਥੀਆਂ ਦੇ ਨਾਲ ਹਸਪਤਾਲਾਂ ਤੇ ਹੋਰ ਮਦਦ ਦੇ ਖੇਤਰਾਂ ਵਿੱਚ ਰੋਜ਼ਾਨਾ ਸੁਬਹਾ ਸ਼ਾਮ ਸੇਵਾ ਕਰਦੀ ਹੋਈ ਅੱਜ ਹਰ ਗਲੀ ਮਹੱਲੇ ਇਲਾਕੇ ਵਿੱਚ ਸਰਕਾਰੀ ਲੈ ਰਹੇ ਆਪਣੀ ਪਹਿਚਾਣ ਬਣਾ ਕੇ ਮਾਨਤਾ ਦੀ ਸੇਵਾ ਵਿੱਚ ਇੱਕ ਅਹਿਮ ਰੋਲ ਅਦਾ ਕਰ ਰਹੀ ਹੈ ਹੈ ਆਖਰ ਉਹਨਾਂ ਸਾਰੇ ਸੱਜਣਾਂ ਦਾ ਸਰਕਾਰੀ ਅਰਸਕਾਰੀ ਪ੍ਰਾਈਵੇਟ ਦਾ ਰਿਹਾ ਦਾ ਜਿਨਾਂ ਦੇ ਸਹਿਯੋਗ ਸਦਕਾ ਇਹ ਸੰਸਥਾ ਇਹ ਪਰਮਾਰਥ ਦੇ ਕੰਮ ਕਰ ਰਹੀ ਹੈ ਬਹੁਤ ਬਹੁਤ ਧੰਨਵਾਦ ਬਹੁਤ ਬਹੁਤ ਬਹੁਤ ਧੰਨਵਾਦ।



# ਮਲਕੀਤ ਸਿੰਘ ਰੱਖੜੀ ਬਣੇ ਡੀਪੂ ਹੋਲਡਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ

**ਫਿਰੋਜ਼ਪੁਰ/ਮਨੋਹਰ ਲਾਲ**

ਅੱਜ ਡੀਪੂ ਹੋਲਡਰ ਯੂਨੀਅਨ ਫਿਰੋਜਪੁਰ ਦੀ ਅਹਿਮ ਮੀਟਿੰਗ ਭਾਈ ਮਰਦਾਨਾ ਯਾਦਗਾਰੀ ਭਵਨ ਵਿਖੇ ਹੋਈ ਜਿਸ ਵਿੱਚ ਡੀਪੂ ਹੋਲਡਰ ਐਸੋਸੀਏਸ਼ਨ ਪੰਜਾਬ (ਛਿੰਦਾ ਗ➡ੱਪ) ਦੇ ਪ੍ਰਧਾਨ ਰਾਮਪਾਲ ਮਹਾਜਨ, ਮਨਮੋਹਨ ਅਰੋੜਾ ਚੇਅਰਮੈਨ ਪੰਜਾਬ, ਰਵੀ ਜਲਾਲਾਬਾਦ ਸਕੱਤਰ ਪੰਜਾਬ, ਸੰਜੀਵ ਲਾਡੀ ਜਿ ?ਲ੍ਹਾ ਪ੍ਰਧਾਨ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਪ੍ਰੀਤ ਮੱਖੂ ਉਚੇਚੇ ਤੌਰ ਤੇ ਪਹੁੰਚੇ ਜਿਸ ਵਿੱਚ ਡੀਪੂ ਹੋਲਡਰ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਨੇ ਕਿਹਾ ਕਿ ਡੀਪੂ ਹੋਲਡਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਜਲਦ ਹੀ ਨਿਪਟਾਰਾ ਕੀਤਾ ਜਾਏਗਾ ਅਤੇ ਡੀਪੂ ਹੋਲਡਰ ਦੇ ਠਾਠਾਂ ਮਾਰਦੇ ਇਕੱਠ ਨੇ ਸਰਬ ਸੰਮਤੀ ਨਾਲ ਮਲਕੀਤ ਸਿੰਘ ਰੱਖੜੀ ਨੂੰ ਜਿ ?ਲ੍ਹਾ ਪ੍ਰਧਾਨ ਲਗਾਉਣ ਦੀ ਮੰਗ ਰੱਖੀ ਜਿਸ ਨੂੰ ਪੰਜਾਬ ਪ੍ਰਧਾਨ ਨੇ ਮੌਕੇ ਤੇ ਮੰਨ ਕੇ ਮਲਕੀਤ ਸਿੰਘ ਨੂੰ ਸਿਰੋਪਾ ਅਤੇ ਹਾਰ ਪਾ ਕੇ ਸਨਮਾਨਿਤ ਕਰਕੇ ਜਿ ?ਲ੍ਹਾ ਪ੍ਰਧਾਨ ਬਣਾਇਆ ਜਦੋਂ ਕਿ ਪ੍ਰੀਤੀ ਪਤਨੀ ਸੋਨੂੰ ਸ਼ਾਂਤੀ ਨਗਰ ਨੂੰ ਜਿਲਾ ਖਜਾਨਚੀ, ਕਵਰਜੀਤ ਸਿੰਘ ਜੈਂਟੀ ਜਿ ?ਲ੍ਹਾ ਪ੍ਰੈਸ ਸਕੱਤਰ ਫਿਰੋਜਪੁਰ, ਅਸ਼ਵਨੀ ਮੱਕੜ ਖਾਈ ਸਰਕਲ ਪ੍ਰਧਾਨ, ਜਗਦੀਪ ਸਿੰਘ ਸ਼ੇਰ ਖਾਂ ਤਲਵੰਡੀ ਬਲਾਕ ਪ੍ਰਧਾਨ ਜਸਵੀਰ ਸਿੰਘ ਤਲਵੰਡੀ ਬਲਾਕ ਖਜਾਨਚੀ, ਮਮਦੋਟ ਬਲਾਕ ਪ੍ਰਧਾਨ ਕੇਵਲ ਕ੍ਰਿਸ਼ਨ, ਫਿਰੋਜ਼ਪੁਰ ਛਾਉਣੀ ਪ੍ਰਧਾਨ ਰਾਮਜੀ ਲਾਲ, ਆਰਿਫ ਕੇ ਸਰਕਲ ਪ੍ਰਧਾਨ ਰਮਨ, ਮਹਿੰਦਰ ਸਿੰਘ ਕਮਾਲਾ ਮਿੱਡੂ ਨੂੰ ਆਰਫ ਕੇ ਸਰਕਲ ਖਜਾਨਚੀ, ਗੁਰਨਾਮ ਸਿੰਘ ਸੋਡੇ ਵਾਲਾ, ਰਿੰਕੂ ਗਰੋਵਰ, ਬੱਬੂ ਨਾਗਪਾਲ, ਬਾਬਾ ਬਖਸ਼ੀਸ਼ ਸਿੰਘ, ਜਗਦੀਪ ਮਿੰਟੂ, ਗੁਰਮੀਤ ਸਿੰਘ, ਮਨੀ ਸੇਠੀ, ਸਿੰਟੂ ਨਰੂਲਾ, ਰਿੰਕੂ ਮਹਿਤਾ, ਤਰਸੇਮ, ਮੇਜਰ ਸਿੰਘ ਮਹਾਲਮ, ਮੇਜਰ ਵਸਤੀ ਰਾਮ ਲਾਲ, ਲੱਖਾ ਮਮਦੋਟ, ਬਲਵਿੰਦਰ ਆਰਿਫ ਕੇ ਆਦਿ ਮੀਟਿੰਗ ਵਿੱਚ ਹਾਜ਼ਰ ਹੋਏ। ਇਸ ਮੌਕੇ ਲੰਗਰ ਦਾ ਖਾਸ ਪ੍ਰਬੰਧ ਸੀ ਮਲਕੀਤ ਸਿੰਘ ਰੱਖੜੀ ਅਤੇ ਉਸਦੀ ਸਾਰੀ ਟੀਮ ਨੇ ਵਿਸ਼ਵਾਸ ਦਵਾਇਆ ਕਿ ਉਹ ਡੀਪੂ ਹੋਲਡਰਾਂ ਦੇ ਕੰਮਾਂ ਨੂੰ ਸਮਰਪਿਤ ਰਹਿਣਗੇ ਅਤੇ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਮਾਸਟਰ ਪਲਾਨ, ਨਿਊ ਚੰਡੀਗੜ੍ਹ ਦੀ ਅਮੈਂਡਮੈਂਟ ਸਬੰਧੀ ਥਿੰਕ ਟੈਂਕ ਮੀਟਿੰਗ

**ਮੋਹਾਲੀ / ਅਸ਼ੋਕ ਜੋਸ਼ੀ**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ, ਐਸ.ਏ.ਐਸ. ਨਗਰ ਦੀ ਪ੍ਰਧਾਨਗੀ ਹੇਠ ਮਾਸਟਰ ਪਲਾਨ, ਨਿਊ ਚੰਡੀਗੜ੍ਹ ਵਿੱਚ ਪੈਂਦੇ ਟਰੱਕ/ਟਰਾਂਸਪੋਰਟ ਟਰਮੀਨਲ ਜੋਨ ਜੋ ਕਿ ਪਿੰਡ ਭੜੋਜੀਆ ਦੀ ਰੈਵੇਨਿਊ ਹੱਦ ਵਿੱਚ ਪੈਂਦਾ ਹੈ ਅਤੇ ਐੱਚ.ਆਰ-2 ਸੜਕ ਉੱਤੇ ਅਬੋਟ ਕਰਦਾ ਹੈ, ਨੂੰ ਮਿਕਸਡ ਲੈਂਡ ਯੂਜ਼ ਵਿੱਚ ਤਬਦੀਲ ਕਰਨ ਲਈ ਥਿੰਕ ਟੈਂਕ ਮੀਟਿੰਗ ਰੱਖੀ ਗਈ, ਜਿਸ ਵਿੱਚ ਅਲੱਗ-ਅਲੱਗ ਸਰਕਾਰੀ ਅਦਾਰਿਆਂ, ਪ੍ਰਾਈਵੇਟ ਸੈਕਟਰ, ਸੋਸ਼ਲ



ਸੈਕਟਰ ਅਤੇ ਪਬਲਿਕ ਸੈਕਟਰ ਦੇ ਨੁਮਾਇੰਦਿਆਂ ਵੱਲੋਂ ਭਾਗ ਲਿਆ ਗਿਆ।

ਜ਼ਿਲ੍ਹਾ ਨਗਰ ਯੋਜਨਾਕਾਰ, ਐਸ.ਏ.ਐਸ ਨਗਰ ਵੱਲੋਂ ਹਾਜ਼ਰ ਹੋਏ ਨੁਮਾਇੰਦਿਆਂ ਨੂੰ ਉਕਤ ਤਜਵੀਜ ਸਬੰਧੀ ਜਾਣੂ ਕਰਵਾਇਆ ਗਿਆ ਅਤੇ ਨੁਮਾਇੰਦਿਆਂ ਵੱਲੋਂ ਆਪਣੇ ਸੁਝਾਅ ਪੇਸ਼ ਕੀਤੇ ਗਏ। ਉਪਰੰਤ ਜ਼ਿਲ੍ਹਾ ਨਗਰ ਯੋਜਨਾਕਾਰ, ਐਸ.ਏ.ਐਸ ਨਗਰ ਵੱਲੋਂ ਪੇਸ਼ ਕੀਤੀ ਗਈ ਤਜਵੀਜ ਉੱਤੇ ਸਾਰੇ ਨੁਮਾਇੰਦਿਆਂ ਵੱਲੋਂ ਸਰਬਸਮੰਤੀ ਨਾਲ ਸਹਿਮਤੀ ਪ੍ਰਗਟਾਈ ਗਈ।

# ਇੰਸਪੈਕਟਰ ਨੀਰਜ ਅਨਾਰਿਆ ਬਣੇ ਡੀ.ਐਸ.ਪੀ,ਵੱਖ-ਵੱਖ ਜਥੇਬੰਦੀਆਂ ਵੱਲੋਂ ਕੀਤਾ ਗਿਆ ਸਨਮਾਨਿਤ

**ਅੰਮ੍ਰਿਤਸਰ**

ਇੰਸਪੈਕਟਰ ਤੋਂ ਪ੍ਰੋਮਟ ਹੋ ਕੇ ਡੀ.ਐਸ.ਪੀ ਬਣੇ ਨੀਰਜ ਅਨਾਰਿਆ ਨੂੰ ਸਨਮਾਨਿਤ ਕਰਨ ਵਾਲਿਆਂ ਦਾ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਤਾਂਤਾ ਲੱਗਾ ਰਿਹਾ।ਅੰਮ੍ਰਿਤਸਰ ਸ਼ਹਿਰ ਦੀਆਂ ਪ੍ਰਮੁੱਖ ਰਾਜਨੀਤਿਕ,ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਨੁੰਮਾਇੰਦਿਆਂ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਅਤੇ ਮੂੰਹ ਮਿੱਠਾ ਕਰਵਾਇਆ ਗਿਆ।ਇੰਸਪੈਕਟਰ ਨੀਰਜ ਅਨਾਰਿਆ ਨੇ ਅੰਮ੍ਰਿਤਸਰ ਅਤੇ ਹੋਰਾਂ ਜਗ ?ਹਾਂ ਤੇ ਬਤੌਰ ਐਸ.ਐਚ.ਓ ਰਹਿ ਕੇ ਅਪਣੇ ਕੰਮ ਕਰਨ ਦੇ ਢੰਗ ਨਾਲ ਲੋਕਾਂ ਦਾ ਦਿਲ ਜਿੱਤਿਆ ਹੈ ਲੋਕ ਉਨ੍ਹਾਂ ਨੂੰ ਦਿਲੋਂ ਪਿਆਰ ਕਰਦੇ ਹਨ।ਉਨ੍ਹਾਂ ਨੇ ਜਿਥੇ ਵੀ ਡਿਊਟੀ ਕੀਤੀ ਹੈ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੀਤੀ ਹੈ।ਅੱਜ ਹਜ਼ਰਤ ਬਾਬਾ ਮੀਰ ਸ਼ਾਹ ਦਰਗਾਹ ਕਮੇਟੀ ਦੇ ਮੁੱਖ ਸੇਵਾਦਾਰ ਨਰਿੰਦਰ ਕੁਮਾਰ ਟੀਨੂੰ,ਦਰਗਾਹ ਦੇ ਬਾਬਾ ਜੋਗਿੰਦਰਪਾਲ,ਸੀਨੀਅਰ ਪੱਤਰਕਾਰ ਕੰਵਲਜੀਤ ਸਿੰਘ ਵਾਲੀਆ ਅਤੇ ਐਡਵੋਕੇਟ ਹਰਸੰਗੀਤ ਸਿੰਘ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਨੀਰਜ ਅਨਾਰਿਆ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਨੀਰਜ ਅਨਾਰਿਆ ਨੇ ਕਿਹਾ ਕਿ ਪੰਜਾਬ ਸਰਕਾਰ,ਡੀ.ਜੀ.ਪੀ ਪੰਜਾਬ ਅਤੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਦੇ ਦਿਸ਼ਾ-ਨਿਰਦੇਸ਼ਾ ਦੀ ਪਾਲਨਾ ਕਰਦੇ ਹੋਏ ਸਮਾਜ ਵਿੱਚੋਂ ਜ਼ੁਰਮ ਅਤੇ ਨਸ਼ਿਆਂ ਦੇ ਖਾਤਮੇ ਲਈ ਰਾਤ ਦਿਨ ਇੱਕ ਕਰ ਦੇਣਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨਗੇ।

# ਯੋਗਸ਼ਾਲਾਵਾਂ ਲੋਕਾਂ ਨੂੰ ਦੇ ਰਹੀਆਂ ਹਨ ਸਰੀਰਕ ਅਤੇ ਮਾਨਸਿਕ ਤੰਦਰੁਸਤੀ: ਐਸ ਡੀ ਐਮ ਦਮਨਦੀਪ ਕੌਰ

## ਟਰੇਨਰ ਸੁਭਾਗੀ ਵੱਲੋਂ ਰੋਜ਼ਾਨਾ ਲਗਾਈਆਂ ਜਾਂਦੀਆਂ ਹਨ 5 ਯੋਗਸ਼ਲਾਵਾਂ

**ਮੋਹਾਲੀ / ਅਸ਼ੋਕ ਜੋਸ਼ੀ**

ਮੁੱਖ ਮੰਤਰੀ ਦੀ ਯੋਗਸ਼ਾਲਾ ਅਧੀਨ ਸ਼ੁਰੂ ਕੀਤੀਆਂ ਮੁੱਖ ਮੰਤਰੀ ਦੀਆਂ ਯੋਗਸ਼ਲਾਵਾਂ ਜਿਥੇ ਆਮ ਲੋਕਾਂ ਨੂੰ ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ ਕਰ ਰਹੀਆਂ ਹਨ, ਉਥੇ ਯੋਗਾ ਅਭਿਆਸ ਨਾਲ ਲੋਕ ਮਾਨਸਿਕ ਤਨਾਅ ਤੋਂ ਵੀ ਮੁਕਤ ਹੋ ਰਹੇ ਹਨ। ਪੰਜਾਬ ਦੇ ਹਰ ਜ਼ਿਲ੍ਹੇ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚ ਲੱਗਦੀਆਂ ਮੁਫਤ ਯੋਗਸ਼ਲਾਵਾਂ ਲੋਕਾਂ ਲਈ ਵਰਦਾਨ ਸਿੱਧ ਹੋ ਰਹੀਆਂ ਹਨ। ਇਹ ਪ੍ਰਗਟਾਵਾ ਕਰਦਿਆਂ ਐਸ.ਡੀ.ਐਮ, ਮੋਹਾਲੀ ਦਮਨਦੀਪ ਕੌਰ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਦਾ ਉਤਸ਼ਾਹ ਅਤੇ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਯੋਗਾ ਅਭਿਆਸ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਗਰਮੀ ਦਾ ਮੌਸਮ ਹੁੰਦੇ ਹੋਏ ਵੀ ਯੋਗਾ ਦੇ ਸਿਹਤ ਤੇ ਚੰਗੇ ਪ੍ਰਭਾਵਾਂ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਨਿਰੰਤਰ ਯੋਗ ਸਾਧਨਾ ਕਰਨ ਨਾਲ ਮਨ ਨੂੰ ਸਕੂਨ ਮਿਲਦਾ ਹੈ। ਯੋਗਾ ਕਰਨ ਲਈ ਸਵੇਰੇ ਜਲਦੀ ਉੱਠਣ ਨਾਲ ਉਹ ਸਾਰਾ ਦਿਨ ਤਰੋ-ਤਾਜ਼ਾ ਮਹਿਸੂਸ ਕਰਦੇ ਹਨ ਅਤੇ ਹੁਣ ਉਨ੍ਹਾਂ ਨੇ ਯੋਗ ਆਸਣਾਂ ਨੂੰ ਆਪਣੀ



ਜਿੰਦਗੀ ਦਾ ਹਿੱਸਾ ਬਣਾ ਲਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਮੋਹਾਲੀ ਦਮਨਦੀਪ ਕੌਰ ਨੇ ਦੱਸਿਆ ਕਿ ਸੀ.ਐਮ ਯੋਗਸ਼ਾਲਾ ਦੀਆਂ ਕਲਾਸਾਂ ਸਬ-ਡਵੀਜ਼ਨ ਮੋਹਾਲੀ ਵਿੱਚ ਵੱਖ-ਵੱਖ ਥਾਵਾਂ 'ਤੇ ਲਗਾਈਆਂ ਜਾ ਰਹੀਆਂ ਹਨ, ਜਿੰਨ੍ਹਾਂ ਦਾ ਲੋਕ ਭਰਪੂਰ ਲਾਹਾ ਲੈ ਰਹੇ ਹਨ। ਮਾਹਿਰ ਯੋਗਾ ਟੇਰਨਰਾਂ ਵੱਲੋਂ ਸਵੇਰ ਤੋਂ ਸ਼ਾਮ ਤੱਕ ਯੋਗਾ ਸ਼ੈਸ਼ਨ ਚਲਾਏ ਜਾ ਰਹੇ ਹਨ। ਇੰਨ੍ਹਾਂ ਸ਼ੈਸ਼ਨਾਂ ਦੇ ਵੱਖ-ਵੱਖ ਸਮਾਂ-ਸਲਾਟ ਹੁੰਦੇ ਹਨ। ਯੋਗਾ ਟ ?ਰੇਨਰ ਸੁਭਾਗੀ ਨੇ ਦੱਸਿਆ ਕਿ ਉਸ ਵੱਲੋਂ ਮੋਹਾਲੀ ਵਿਖੇ ਰੋਜ਼ਾਨਾ 5 ਯੋਗਾ ਕਲਾਸਾਂ ਲਗਾਈਆਂ ਜਾਂਦੀਆਂ ਹਨ। ਉਹਨਾਂ ਵੱਲੋਂ ਆਪਣੀ ਪਹਿਲੀ ਕਲਾਸ ਐਸ.ਸੀ.ਐਲ ਸੁਸਾਇਟੀ, ਸੈਕਟਰ-70 ਵਿਖੇ ਸਵੇਰੇ 6.00 ਵਜੇ ਤੋਂ 7.00 ਵਜੇ ਤੱਕ, ਦੂਸਰੀ ਕਲਾਸ ਗੁਰੂ ਹਰਰਾਏ ਸਾਹਿਬ ਕੰਪਲੈਕਸ, ਸੈਕਟਰ-67 ਵਿਖੇ ਸਵੇਰੇ 7.15 ਵਜੇ ਤੋਂ 8.15 ਵਜੇ ਤੱਕ, ਤੀਜੀ ਕਲਾਸ ਰਾਧਾ ਕ੍ਰਿਸ਼ਨਾ ਮੰਦਿਰ, ਫੇਜ਼-2 ਵਿਖੇ ਬਾਅਦ ਦੁਪਿਹਰ 4.00 ਵਜੇ ਤੋਂ 5.00 ਵਜੇ ਤੱਕ, ਚੌਥੀ ਕਲਾਸ ਹਨੂੰਮਾਨ ਮੰਦਿਰ ਪਾਰਕ ਨੰ: 33 ਫੇਜ਼ 3ਬੀ-2 ਵਿਖੇ ਸ਼ਾਮ 5.15 ਤੋਂ 6.15 ਵਜੇ ਤੱਕ ਅਤੇ ਪੰਜਵੀਂ ਕਲਾਸ ਫੇਜ਼-5 ਸਪੋਰਟਸ ਕਲੱਬ ਮੋਹਾਲੀ, ਸੈਕਟਰ-59 ਵਿਖੇ ਸ਼ਾਮ 6.30 ਤੋਂ 7.30 ਵਜੇ ਤੱਕ ਲਗਾਈ ਜਾਂਦੀ ਹੈ। ਉਨਾਂ ਦੱਸਿਆ ਕਿ ਯੋਗਾ ਅਧਿਆਪਕ ਯੋਗਾ ਦੇ ਕਈ ਆਸਨ ਜਿਵੇਂ ਕਿ ਆਸਣ, ਪ੍ਰਾਣਾਯਾਮ ਅਤੇ ਧਿਆਨ ਆਦਿ ਰਾਹੀਂ ਬਿਨਾਂ ਦਵਾਈ ਦੇ ਸਰੀਰ ਨੂੰ ਚੁਸਤ ਅਤੇ ਰੋਗ ਮੁਕਤ ਰੱਖਣ ਲਈ ਵਡਮੁੱਲਾ ਯੋਗਦਾਨ ਪਾ ਰਹੇ ਹਨ। ਟ ?ਰੇਨਰ ਸੁਭਾਗੀ ਨੇ ਦੱਸਿਆ ਕਿ ਰੋਜ਼ਾਨਾ ਯੋਗਾ ਅਭਿਆਸ ਨਾਲ ਭਾਗੀਦਾਰ ਵੱਲੋਂ ਹਾਈ ਬਲੱਡ ਪ੍ਰੈਸ਼ਰ, ਪਿੱਠ ਦਰਦ, ਸਰੀਰਕ ਅਤੇ ਮਾਨਸਿਕ ਤਨਾਅ ਤੋਂ ਛੁਟਕਾਰਾ ਪਾਇਆ ਗਿਆ। ਕੋਈ ਵੀ ਵਿਅਕਤੀ ਇਨ੍ਹਾਂ ਕਲਾਸਾਂ ਵਿੱਚ ਆ ਕੇ ਯੋਗਾ ਦਾ ਮੁਫਤ ਵਿੱਚ ਲਾਭ ਲੈ ਸਕਦਾ ਹੈ।

ਉਨ੍ਹਾਂ ਦੱਸਿਆਂ ਕਿ ਜੇਕਰ ਕੋਈ ਵਿਅਕਤੀ ਆਪਣੀ ਕਲੋਨੀ ਜਾਂ ਪਾਰਕ ਵਿੱਚ ਕਲਾਸ ਸ਼ੁਰੂ ਕਰਵਾਉਣਾ ਚਾਹੁੰਦਾ ਹੈ ਤਾਂ ਘੱਟੋ-ਘੱਟ 25 ਮੈਂਬਰ ਹੋਣੇ ਲਾਜ਼ਮੀ ਹਨ ਅਤੇ ਆਪਣੀ ਨਵੀਂ ਕਲਾਸ/ਸੈਸ਼ਨ ਸ਼ੁਰੂ ਕਰਨ ਲਈ ਵਟਸਐਪ ਨੰਬਰ 'ਤੇ ਕਾਲ/ਸੁਨੇਹਾ ਭੇਜ ਸਕਦਾ ਹੈ। ਲੋਕ ਇਹਨਾਂ ਸੈਸ਼ਨਾਂ ਵਿੱਚ ਸਵੈ-ਇੱਛਾ ਨਾਲ ਭਾਗ ਲੈ ਰਹੇ ਹਨ। ਵੈਬਸਾਈਟ cmdiyogshala.punjab.gov.in ਤੋਂ ਇਲਾਵਾ ਇੱਕ ਸਮਰਪਿਤ ਹੈਲਪਲਾਈਨ ਨੰਬਰ 76694-00500 'ਤੇ ਸੰਪਰਕ ਕਰ ਕੇ ਉਹ ਲੋਕ, ਜਿਨ੍ਹਾਂ ਨੇ ਅਜੇ ਸ਼ਾਮਲ ਹੋਣਾ ਹੈ, ਆਪਣੀ ਰਜਿਸਟ ?ਰੇਸ਼ਨ ਕਰਵਾ ਸਕਦੇ ਹਨ।

# ਅਪਰਾਧ ਦੀ ਗੰਭੀਰਤਾ ਦੇ ਅਨੁਸਾਰ ਪੀੜਤ ਨੂੰ ਉਚਿਤ ਮੁਆਵਜ਼ਾ ਯਕੀਨੀ ਬਣਾਇਆ ਜਾਵੇ-ਡੀ.ਸੀ

## *ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅ.ਫਸਰ ਨੂੰ ਐਕਟ ਦੀਆਂ ਧਾਰਾਵਾਂ ਬਾਰੇ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਕਿਹਾ*

**ਮੋਹਾਲੀ / ਅਸ਼ੋਕ ਜੋਸ਼ੀ**

ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਅੱਜ ਅੱਤਿਆਚਾਰ ਰੋਕਥਾਮ ਐਕਟ 1989 ਤਹਿਤ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਸ੍ਰੀ ਅਸ਼ੀਸ਼ ਕਥੂਰੀਆ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ-ਕਮ-ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਅੱਤਿਆਚਾਰ ਰੋਕਥਾਮ ਐਕਟ ਤਹਿਤ ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਗਠਿਤ ਕੀਤੀ ਗਈ ਹੈ, ਜਿਸ ਅਧੀਨ ਇਹ ਮੀਟਿੰਗ ਕੀਤੀ ਜਾ ਰਹੀ ਹੈ। ਇਸ ਐਕਟ ਤਹਿਤ ਤਿਮਾਹੀ ਮੀਟਿੰਗ ਕੀਤੀ ਜਾਂਦੀ ਹੈ। ਇਸ ਕਮੇਟੀ ਅਧੀਨ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਪੀੜਤਾਂ ਨੂੰ ਮੁਆਵਜਾ ਦੇਣ ਲਈ 16 ਕੇਸਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।



ਸ੍ਰੀ ਅਸ਼ੀਸ਼ ਕਥੂਰੀਆ ਵਲੋਂ ਦੱਸਿਆ ਗਿਆ ਕਿ 02 ਜੂਨ 2025 ਨੂੰ ਇਨ੍ਹਾਂ ਕੇਸਾਂ ਵਿਚੋਂ 6 ਕੇਸਾਂ ਨੂੰ 25 ਲੱਖ 87 ਹਜਾਰ ਰੁਪਏ ਦਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ।

ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਵੱਲੋ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਨੂੰ ਕਿਹਾ ਗਿਆ ਕਿ ਬਾਕੀ ਰਹਿੰਦੇ ਕੇਸਾਂ ਚ ਵੀ ਮੁਆਵਜਾ ਦੇਣ ਦੀ ਕਾਰਵਾਈ ਜਲਦ ਤੋਂ ਜਲਦ ਆਰੰਭ ਕੀਤੀ ਜਾਵੇ ਅਤੇ ਬਜਟ ਪ੍ਰਾਪਤ ਕੀਤਾ ਜਾਵੇ।

ਮੀਟਿੰਗ ਦੌਰਾਨ ਉਨ੍ਹਾਂ ਐਸ.ਸੀ./ਐਸ.ਟੀ (ਅੱਤਿਆਚਾਰ ਰੋਕਥਾਮ) ਐਕਟ 1989 ਅਧੀਨ ਬਣਾਏ ਗਏ ਉਪਬੰਧਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਪੀੜਤ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਦਫ਼ਤਰ, ਡੀ ਏ ਸੀ ਮੋਹਾਲੀ ਤੱਕ ਮੁਆਵਜ਼ੇ ਅਤੇ ਹੋਰ ਮੱਦਦ ਲਈ ਪਹੁੰਚ ਕਰ ਸਕਣ।

ਉਨ੍ਹਾਂ ਨੇ ਐਕਟ ਦੀਆਂ ਇਨ੍ਹਾਂ ਧਾਰਾਵਾਂ ਦੀ ਪਾਲਣਾ ਕਰਨ 'ਤੇ ਜ਼ੋਰ ਦਿੱਤਾ ਕਿ ਜੇਕਰ ਅਜਿਹਾ ਕੋਈ ਮਾਮਲਾ ਥਾਣੇ ਵਿੱਚ ਦਰਜ ਹੁੰਦਾ ਹੈ, ਤਾਂ ਜਾਂਚ ਅਧਿਕਾਰੀ ਡੀ ਐਸ ਪੀ ਪੱਧਰ ਦਾ ਅਧਿਕਾਰੀ ਹੋਣਾ ਚਾਹੀਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਦੋਂ ਐਸ ਸੀ/ਐਸ ਟੀ (ਅੱਤਿਆਚਾਰ ਦੀ ਰੋਕਥਾਮ) ਐਕਟ 1989 ਅਧੀਨ ਐਫ ਆਈ ਆਰ ਦਰਜ ਕੀਤੀ ਜਾਂਦੀ ਹੈ, ਉਸ ਵੇਲੇ ਪੀੜਤ/ਪਰਿਵਾਰਕ ਮੈਂਬਰਾਂ ਨੂੰ ਐਕਟ ਦੇ ਤਹਿਤ ਵੱਖ ਵੱਖ ਪੜਾਵਾਂ 'ਤੇ ਅਪਰਾਧ ਦੀ ਗੰਭੀਰਤਾ ਦੇ ਅਨੁਸਾਰ ਵਿੱਤੀ ਮੁਆਵਜ਼ੇ ਦੀ ਵਿਵਸਥਾ ਤੋਂ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ (ਜਿਵੇਂ ਕਿ ਕਤਲ ਵਿੱਚ ਕੁੱਲ ਮੁਆਵਜ਼ਾ 8.25 ਲੱਖ ਹੈ) ਅਤੇ ਦੱਸਿਆ ਜਾਵੇ ਕਿ ਕਿਸ ਦਫ਼ਤਰ ਨਾਲ ਸੰਪਰਕ ਕਰਨਾ ਹੈ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਆਸ਼ੀਸ਼ ਕਥੂਰੀਆ ਨੂੰ ਪੁਲਿਸ ਅਤੇ ਜ਼ਿਲ੍ਹਾ ਅਟਾਰਨੀ ਨਾਲ ਬਿਹਤਰ ਤਾਲਮੇਲ ਯਕੀਨੀ ਬਣਾਉਣ ਲਈ ਕਿਹਾ ਗਿਆ ਤਾਂ ਜੋ ਸਾਰੇ ਪੀੜਤਾਂ ਨੂੰ ਸਮੇਂ ਸਿਰ ਮੁਆਵਜ਼ਾ ਮਿਲ ਸਕੇ।

# ਬਾਬਾ ਭੂਰੀ ਵਾਲਿਆਂ ਵਲੋਂ ਸਰਕਾਰੀ ਥਾਂ ਤੇ ਨਜ਼ਾਇਜ ਕਬਜੇ ਦੀ ਨੀਯਤ ਨਾਲ ਕੀਤੀ ਗਈ ਦੀਵਾਰ ਅਤੇ ਪਾਣੀ ਦਾ ਬੋਰ, ਨਿਗਮ ਕਮਿਸ਼ਨਰ ਵਲੋਂ ਅਸਟੇਟ ਅਫਸਰ ਨੂੰ ਤੁਰੰਤ ਕਾਨੂੰਨੀ ਕਾਰਵਾਈ ਕਰਨ ਦੇ ਦਿੱਤੇ ਗਏ ਹੁਕਮ

**ਅੰਮ੍ਰਿਤਸਰ**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਦੇ ਹੋਏ ਸੰਯੁਕਤ ਕਮਿਸ਼ਨਰ ਡਾ. ਜੈ ਇੰਦਰ ਸਿੰਘ ਵਲੋਂ ਸ਼ ?ਰੀ ਗੁਰੂ ਰਾਮਦਾਸ ਹਸਪਤਾਲ ਨੇੜੇ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਥਿਤ ਸਰਕਾਰੀ ਥਾਂ ਦਾ ਅੌਚਕ ਨਰਿੱਖਣ ਕੀਤਾ ਗਿਆ। ਇਸ ਥਾਂ ਤੇ ਪਹਿਲਾਂ ਵੀ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਨੂੰ ਬਾਬਾ ਭੂਰੀ ਵਾਲਿਆਂ ਵਲੋਂ ਸਰਕਾਰੀ ਥਾਂ ਨਜ਼ਾਇਜ ਕਬਜਾ ਕਰਨ ਸਬੰਧੀ ਸ਼ਿਕਾਇਤਾਂ ਆਈਆਂ ਸਨ ਅਤੇ ਅੱਜ ਇਸੇ ਥਾਂ ਦਾ ਜਦੋਂ ਸੰਯੁਕਤ ਕਮਿਸ਼ਨਰ ਦੀ ਟੀਮ ਵਲੋਂ ਮੌਕਾ ਵੇਖਿਆ ਗਿਆ ਤਾਂ ਪਤਾ ਲੱਗਾ ਕਿ ਚੇਤਾਵਨੀ ਦੇਣ ਦੇ ਬਾਵਜੂਦ ਬਾਬਾ ਭੂਰੀ ਵਾਲਿਆਂ ਵਲੋਂ ਉਸਾਰੀ ਦਾ ਕੰਮ ਚਾਲੂ ਰੱਖਿਆ ਗਿਆ ਹੈ ਅਤੇ ਸਰਕਾਰੀ ਥਾਂ ਨੂੰ ਕਬਜ਼ਾ ਕਰਨ ਲਈ ਦੀਵਾਰ ਵੀ ਕਰ ਦਿੱਤੀ ਗਈ ਹੈ ਅਤੇ ਮੌਕੇ ਤੇ ਪਾਣੀ ਦਾ





ਬੋਰ ਵੀ ਕੀਤਾ ਜਾ ਰਿਹਾ ਸੀ ਮੌਕੇ ਤੇ ਬਾਬਾ ਭੂਰੀ ਵਾਲਿਆਂ ਦੀ ਬੋਲੇਰੋ ਗੱਡੀ ਵੀ ਖੜੀ ਪਾਈ ਗਈ। ਸੰਯੁਕਤ ਕਮਿਸ਼ਨਰ ਦੀ ਟੀਮ ਵਿੱਚ ਸਹਾਇਕ ਕਮਿਸ਼ਨਰ ਵਿਸ਼ਾਲ ਵਿਧਾਵਨ ਅਤੇ ਅਸਟੇਟ ਅਫਸਰ ਧਰਮਿੰਦਰਜੀਤ ਸਿੰਘ ਵੀ ਨਾਲ ਸਨ। ਮੌਕੇ ਤੇ ਸੰਯੁਕਤ ਕਮਿਸ਼ਨਰ ਵਲੋਂ ਅਸਟੇਟ ਅਫਸਰ ਨੂੰ ਬਾਬਾ ਭੂਰੀ ਵਾਲਿਆਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਅਰੰਭ ਕੇ ਨਜ਼ਾਇਜ ਬਣੀ ਦੀਵਾਰ ਨੂੰ ਢਾਓਣ ਦੇ ਹੁਕਮ ਕੀਤੇ ਗਏ ਅਤੇ ਨਾਲ ਹੀ ਮੌਕੇ ਤੇ ਉਸਾਰੀ ਕਰਤਾਵਾਂ ਨੂੰ ਕੰਮ ਬੰਦ ਕਰਨ ਲਈ ਕਿਹਾ ਗਿਆ।

ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਬਾਬਾ ਭੂਰੀ ਵਾਲੇ ਇੱਕ ਧਾਰਮਿਕ ਸੰਸਥਾ ਹੈ ਪਰ ਅਜੇਹੀ ਸੰਸਥਾ ਵਲੋਂ ਸਰਕਾਰੀ ਥਾਂ ਤੇ ਨਜ਼ਾਇਜ ਕਬਜ਼ਾ ਕਰਨ ਵਾਲੀ ਕਾਰਵਾਈ ਕਰਨਾ ਬੜਾ ਮੰਦਭਾਗਾ ਹੈ। ਉਹਨਾਂ ਕਿਹਾ ਕਿ ਪਿਛਲੇ ਦਿਨੀਂ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਨੂੰ ਆਈ ਸ਼ਿਕਾਇਤ ਦੇ ਅਧਾਰ ਤੇ ਉਹਨਾਂ ਵਲੋਂ ਸਰਕਾਰੀ ਥਾਂ ਵਾਲੇ ਪਾਸੇ ਉਕਤ ਸੰਸਥਾ ਵਲੋਂ ਬਣਾਈਆਂ ਗਈਆਂ ਨਜ਼ਾਇਜ ਪੌੜੀਆਂ ਨੂੰ ਢਾਓਣ ਲਈ ਕਿਹਾ ਗਿਆ ਸੀ ਅਤੇ ਅਗੋਂ ਉਸਾਰੀ ਨਾ ਕਰਨ ਲਈ ਵੀ ਚਿਤਾਵਨੀ ਦਿੱਤੀ ਗਈ ਸੀ ਪਰ ਇਸ ਸੰਸਥਾ ਵਲੋਂ ਸਰਕਾਰੀ ਹੁਕਮਾਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਸਗੋਂ ਸਰਕਾਰੀ ਜਗ ?ਹਾ ਤੇ ਨਜ਼ਾਇਜ ਕਬਜ਼ਾ ਕਰਨ ਖਾਤਰ ਦੀਵਾਰ ਕਰ ਦਿੱਤੀ ਗਈ ਹੈ ਅਤੇ ਨਾਲ ਹੀ ਨਜ਼ਾਇਜ ਤੌਰ ਤੇ ਸਰਕਾਰੀ ਥਾਂ ਤੇ ਪਾਣੀ ਦਾ ਬੋਰ ਕੀਤਾ ਜਾ ਰਿਹਾ ਹੈ ਜਿਸ ਨੂੰ ਤੁਰੰਤ ਰੁਕਵਾ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਅਸਟੇਟ ਅਫਸਰ ਨੂੰ ਬਾਬਾ ਭੂਰੀ ਵਾਲਿਆਂ ਵਿਰੁੱਧ ਜਲਦ ਤੋਂ ਜਲਦ ਕਾਨੂੰਨੀ ਕਾਰਵਾਈ ਕਰਦੇ ਹੋਏ ਇਸ ਨਜ਼ਾਇਜ ਉਸਾਰੀ ਨੂੰ ਢਾਓਣ ਦੇ ਹੁਕਮ ਦੇ ਦਿੱਤੇ ਗਏ ਹਨ।

# ਲੋਪੋਂ ਵਿਖੇ "ਅੰਤਰਰਾਸ਼ਟਰੀ ਵਾਤਾਵਰਨ ਦਿਵਸ" ਨੂੰ ਸਮਰਪਿਤ ਲੇਖ ਮੁਕਾਬਲੇ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

## ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾਲ ਵਾਤਾਵਰਨ ਨੂੰ ਹੁੰਦਾ ਨੁਕਸਾਨ

**ਦੋਰਾਹਾ, ਲਾਲ ਸਿੰਘ ਮਾਂਗਟ**

ਆਏ ਦਿਨ ਵਿਗੜ ਰਹੇ ਵਾਤਾਵਰਣ ਪ੍ਰਤੀ ਸੁਚੇਤ ਵਿਅਕਤੀਆਂ ਵਲੋਂ ਧਰਾਤਲੀ ਤੋਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਤਹਿਤ ਅੱਜ ਪਿੰਡ ਲੋਪੋਂ ਵਿਖੇ ਅੰਤਰਰਾਸ਼ਟਰੀ ਵਾਤਾਵਰਨ ਦਿਵਸ ਦੇ ਮੌਕੇ ਬੱਚਿਆਂ ਦੇ ਵੱਖ ਵੱਖ ਵਰਗਾਂ ਦੇ ਵਾਤਾਵਰਨ ਸਬੰਧੀ ਲੇਖ ਅਤੇ ਪੋਸਟਰ ਮੇਕਿੰਗ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬਹੁਤ ਸਾਰੇ ਬੱਚਿਆਂ ਨੇ ਭਾਗ ਲਿਆ ਅਤੇ ਬੁਲਾਰਿਆ ਨੇਂ ਵਾਤਾਵਰਣ ਦੀ ਸੰਭਾਲ ਅਤੇ ਪਾਣੀ ਨੂੰ ਬਚਾਉਣ ਲਈ ਸੁਝਾਅ ਦਿਤੇ ਅਤੇ ਸਮਾਂ ਰਹਿੰਦੇ ਹੋਰ ਯੋਗ ਉਪਰਾਲੇ ਕਰਨ ਦੀ ਲੋੜ ਤੇ ਜ਼ੋਰ




ਦਿੱਤਾ। ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਈ ਹੋਂਸਲਾ ਅਫ਼ਜਾਈ ਕਰਦਿਆਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਹਰਜਿੰਦਰ ਸਿੰਘ ਲੋਪੋਂ ਨੇ ਪਾਣੀ ਦੀ ਸੰਭਾਲ ਅਤੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾਲ ਵਾਤਾਵਰਨ ਦੇ ਹੋਰ ਰਹੇ ਨੁਕਸਾਨ ਬਾਰੇ ਵਿਸਥਾਰ ਪੂਰਕ ਜਾਣਕਾਰੀ ਦਿੱਤੀ। ਅੰਤ ਵਿੱਚ ਸ.ਜਰਨੈਲ ਸਿੰਘ ਲੋਪੋਂ ਵੱਲੋਂ ਆਏ ਸਾਰੇ ਨਗਰ ਨਿਵਾਸੀ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ

**ਅੰਮ੍ਰਿਤਸਰ**

ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੁਲਾਜ਼ਮਾਂ ਵੱਲੋਂ ਸਿੱਖ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਗੁਰਮੀਤ ਸਿੰਘ ਬੂਹ ਸਮੇਤ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ



ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਖਾਲਸਾ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਬਲਵਿੰਦਰ ਸਿੰਘ ਨੇ ਕੀਤੀ ਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸਰਵਣ ਕਰਵਾਇਆ।

ਇਸੇ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਮਾਗਮ ਸਿੱਖ ਪੰਥ ਦੀ ਮਜ਼ਬੂਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨੂੰ ਸਮਰਪਿਤ ਸੀ। ਸ਼ ?ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਸਿੱਖ ਪੰਥ ਸਦਾ ਚੜ੍ਹਦੀ ਕਲਾ ਵਿਚ ਰਹੇ।

ੋਉਨ੍ਹਾਂ ਸ਼ ?ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਰਪਨ ਭਾਵ ਨਾਲ ਸੇਵਾ ਕਰਨ ਦੀ ਪ੍ਰੇਰਨਾ ਕੀਤੀ।

ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ਼ਹੀਦ ਭਾਈ ਸਤਵੰਤ ਸਿੰਘ ਦੇ ਭਰਾ ਭਾਈ ਵਰਿਆਮ ਸਿੰਘ ਅਗਵਾਨ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਗੁਰਦਿਆਲ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਨਰਿੰਦਰ ਸਿੰਘ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਪਾਲ ਸਿੰਘ ਢੱਡੇ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਸ. ਲਾਲ ਸਿੰਘ ਸਮੇਤ ਸਮੁੱਚਾ ਸਟਾਫ਼ ਹਾਜ਼ਰ ਸੀ।

# ਪਾਵਨ ਸਰੂਪਾਂ ਦੇ ਪ੍ਰਕਾਸ਼ਨ ਲਈ ਅਤਿ ਅਹਿਮ ਰਹੇਗਾ ਨਵੇਂ ਰੂਪ ਵਿਚ ਤਿਆਰ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ

**ਅੰਮ੍ਰਿਤਸਰ**

ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਨਵੀਨੀਕਰਨ ਕੀਤੇ ਅਸਥਾਨ, ਪਬਲੀਕੇਸ਼ਨ ਵਿਭਾਗ ਦੇ ਦਫ਼ਤਰ ਤੇ ਗੁਰਮਤਿ ਲਿਟਰੇਚਰ ਹਾਊਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਆਧੁਨਿਕ ਮਸ਼ੀਨ ਦਾ ਉਦਘਾਟਨ ਕੀਤਾ। ਇਸ ਮੌਕੇ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਸੁੱਚਾ ਸਿੰਘ ਤੇ ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਵਾਲੇ, ਸ਼ ?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਹਰਜਾਪ ਸਿੰਘ ਸੁਲਤਾਨਵਿੰਡ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਸ. ਗੁਰਮੀਤ ਸਿੰਘ ਬੂਹ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਸ਼ ?ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਮੁੱਖ ਰੱਖਦਿਆਂ ਪਾਵਨ ਸਰੂਪਾਂ ਦੇ ਪ੍ਰਕਾਸ਼ਨ, ਸੇਵਾ ਸੰਭਾਲ ਤੇ ਰੱਖ-ਰਖਾਵ ਲਈ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸਥਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਚਾਰ ਨੰਬਰ ਹਾਲ ਨੂੰ ਆਧੁਨਿਕ ਤਰੀਕੇ ਨਾਲ ਤਿਆਰ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲਿਆਂ ਵੱਲੋਂ ਕਰਵਾਈ ਗਈ ਹੈ। ਇਸੇ ਤਰ੍ਹਾਂ ਪਬਲੀਕੇਸ਼ਨ ਵਿਭਾਗ ਦੇ ਦਫ਼ਤਰ ਅਤੇ ਲਿਟਰੇਚਰ ਹਾਊਸ ਨੂੰ ਵੀ ਨਵੇਂ ਸਿਰਿਉਂ ਤਿਆਰ ਕੀਤਾ ਗਿਆ ਹੈ। ਇਸ ਇਮਾਰਤ ਦੀ ਸੇਵਾ ਬਾਬਾ ਸੁੱਚਾ ਸਿੰਘ ਤੇ ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆਂ ਨੂੰ ਸੌਂਪੀ ਸੀ।

ਉਦਘਾਟਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਦੀ ਆਸਥਾ ਦਾ ਧੁਰਾ ਹਨ, ਜਿਸ ਦੇ ਅਦਬ-ਸਤਿਕਾਰ ਨੂੰ ਕਾਇਮ ਰੱਖਣਾ ਸਿੱਖ ਸੰਸਥਾ ਦੀ ਵੱਡੀ ਜ਼ੁੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ਨ ਕੇਵਲ ਸ਼ ?ਰੋਮਣੀ ਕਮੇਟੀ ਹੀ ਕਰਦੀ ਹੈ, ਜਿਥੋਂ ਪਾਵਨ ਸਰੂਪ ਮਰਯਾਦਾ ਅਨੁਸਾਰ ਸੰਗਤਾਂ ਤੱਕ ਪਹੁੰਚਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਦੇ ਨਵੀਨੀਕਰਨ ਦਾ ਮੁੱਖ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ਨ ਅਤੇ ਸੰਭਾਲ ਦੀ ਪ੍ਰਕਿਰਿਆ ਨੂੰ ਹੋਰ ਸੰਚਾਰੂ ਅਤੇ ਮਰਯਾਦਾ ਪੂਰਨ ਬਣਾਉਣਾ ਹੈ। ਨਵੇਂ ਢਾਂਚੇ ਵਿਚ ਆਧੁਨਿਕ ਤਕਨੀਕਾਂ ਅਤੇ ਸਹੂਲਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਵਿਚ ਪੂਰਨ ਸੁਰੱਖਿਆ ਅਤੇ ਸਤਿਕਾਰ ਨੂੰ ਯਕੀਨੀ ਬਣਾਇਆ ਜਾ ਸਕੇਗਾ।

ਇਸੇ ਤਰ੍ਹਾਂ ਪਬਲੀਕੇਸ਼ਨ ਵਿਭਾਗ ਦਾ ਨਵਾਂ ਦਫ਼ਤਰ ਅਤੇ ਲਿਟਰੇਚਰ ਹਾਊਸ ਸਿੱਖ ਸਾਹਿਤ ਨੂੰ ਸੰਗਤ ਤੱਕ ਪਹੁੰਚਾਉਣ ਦਾ ਜ਼ਰੀਆ ਬਣੇਗਾ। ਇਥੋਂ ਸੰਗਤਾਂ ਗੁਰਬਾਣੀ ਦੀਆਂ ਪਾਵਨ ਪੋਥੀਆਂ ਅਤੇ ਗੁਰਮਤਿ ਲਿਟਰੇਚਰ ਪ੍ਰਾਪਤ ਕਰ ਸਕਣਗੀਆਂ।

ਐਡਵੋਕੇਟ ਧਾਮੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਆਧੁਨਿਕ ਮਸ਼ੀਨ ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਇਸ ਮਸ਼ੀਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵੇਲੇ ਇਕ 'ਸੇਵਾ ਪਛਾਣ ਅੰਕ' ਕੋਡ ਦੇ ਰੂਪ ਵਿਚ ਅੰਕਿਤ ਕੀਤਾ ਜਾਵੇਗਾ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਬੰਧੀ ਜਾਣਕਾਰੀ ਨੂੰ ਸੰਭਾਲਿਆ ਜਾ ਸਕੇਗਾ, ਤਾਂ ਜੋ ਛਪਣ ਵਾਲੇ ਹਰ ਪਾਵਨ ਸਰੂਪ ਦੀ ਮੁਕੰਮਲ ਜਾਣਕਾਰੀ ਰੱਖੀ ਜਾ ਸਕੇ। ਇਸ ਮੌਕੇ ਸ਼ ?ਰੋਮਣੀ ਕਮੇਟੀ ਵੱਲੋਂ ਕਾਰਸੇਵਾ ਵਾਲੇ ਮਹਾਂਪੁਰਖਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ, ਐਕਸੀਅਨ ਸ. ਜਤਿੰਦਰਪਾਲ ਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਸ. ਜਤਿੰਦਰਪਾਲ ਸਿੰਘ, ਸ. ਜਸਵਿੰਦਰ ਸਿੰਘ ਆਸਟ ?ਰੇਲੀਆ, ਇੰਚਾਰਜ ਸ. ਸੁਖਦੀਪ ਸਿੰਘ, ਐਸਡੀਓ ਸ. ਸੁਖਬੀਰ ਸਿੰਘ, ਗੋਲਡਨ ਆਫ਼ਸੈਟ ਪ੍ਰੈਸ ਦੇ ਮੈਨੇਜਰ ਸ. ਸੰਦੀਪ ਸਿੰਘ ਤੇ ਹੋਰ ਮੌਜੂਦ ਸਨ।

# ਛੋਟੀ ਉਮਰ ਦੇ ਬੱਚਿਆਂ ਦੇ ਉਦਮ ਸਦਕਾ ਲਗਾਈ ਗਈ ਛਬੀਲ ਅਤੇ ਲਗਾਇਆ ਅਤੁੱਟ ਲੰਗਰ

**ਸ੍ਰੀ ਅੰਮ੍ਰਿਤਸਰ ਸਾਹਿਬ**

ਸਾਕਾ ਨੀਲਾ ਤਾਰਾ ਦੀ 41ਵੀਂ ਵਰੇਗੰਢ ਨੂੰ ਸਮਰਪਿਤ ਅਤੇ ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਤ, ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਤਰਨ ਤਾਰਨ ਰੋਡ ਸਥਿਤ ਸੰਤ ਮਿਸ਼ਰਾ ਸਿੰਘ ਕਲੋਨੀ ਵਿਖੇ ਛੋਟੀ ਉਮਰੇ ਵੱਡੀਆਂ ਪੈੜਾਂ ਪਾਉਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਸਨੀਕ ਸ? ਰਣਜੀਤ ਸਿੰਘ ਨੇ ਦੱਸਿਆ ਕਿ ਅਜੋਕੇ ਦੌਰ ਵਿਚ ਭਾਵੇਂ ਹਰ ਮਾਂ ਬਾਪ ਆਪਣੇ ਬੱਚਿਆਂ ਦੀਆਂ ਖਵਾਇਸ਼ਾਂ ਅਤੇ ਜ਼ਰੂਰਤਾਂ ਪੂਰੀਆਂ ਕਰਨ ਲਈ ਦਿਨ ਰਾਤ ਹੱਡਭੰਨਵੀਂ ਮਿਹਨਤ ਕਰਦਿਆਂ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਭਰਭੂਰ ਯਤਨਸ਼ੀਲ ਰਹਿੰਦਾ ਹੈ। ਲੇਕਿਨ ਬੱਚਿਆਂ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨ ਉਪਰੰਤ ਬੱਚਿਆਂ ਦੀ ਜਿਦ ਦੀ ਸੂਈ ਮੋਬਾਈਲ ਤੇ ਆ ਕੇ ਰੁਕ ਜਾਂਦੀ ਹੈ। ਮੋਬਾਈਲ ਦੀ ਦੁਰਵਰਤੋਂ ਜਿਥੇ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾ ਰਹੀ ਹੈ ਉਥੇ ਕਈਆ ਲਈ ਵਰਦਾਨ ਸਾਬਿਤ ਹੋ ਰਹੀ ਹੈ। ਜਿਸ ਦੀ ਤਾਜ਼ਾ ਮਿਸਾਲ ਸਿਫ਼ਤੀ ਦੇ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਹਾਨ ਮਹਾਂਪੁਰਖ ਸੰਤ ਬਾਬਾ ਮਿਸ਼ਰਾ ਸਿੰਘ ਕਲੋਨੀ ਦੇ ਵਸਨੀਕ ਸ? ਰਣਜੀਤ ਸਿੰਘ ਤੋਂ ਪ੍ਰਾਪਤ ਹੋਈ। ਅੱਜ ਕੱਲ੍ਹ ਹਰ ਬੱਚੇ ਦੇ ਹੱਥਾਂ ਵਿਚ ਮੋਬਾਈਲ ਹੋਣ ਕਰਕੇ ਸੋਸ਼ਲ ਮੀਡੀਆ ਉਪਰ ਜੂਨ



1984 ਵਿਚ ਕਾਂਗਰਸ ਪਾਰਟੀ ਦੀ ਹੁਕਮਰਾਨ ਸਰਕਾਰ ਨੇ ਭਗਤੀ ਅਤੇ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣੀਆਂ ਫੌਜਾਂ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਮਾ ਵਿਚ ਟੈਂਕ ਭੇਜ ਕੇ ਬੰਬਾਂ ਅਤੇ ਗੋਲੀਆ ਦਾ ਮੀਹ ਵਰਾਂ ਕੇ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ। ਉਥੇ ਹਜ਼ਾਰਾਂ ਨਿਰਦੋਸ਼ ਸੰਗਤਾਂ ਨੂੰ ਵੀ ਮੌਤ ਘਾਟ ਉਤਾਰ ਦਿੱਤਾ ਜਿਸ ਵਿਚ ਛੋਟੇ ਛੋਟੇ ਮਸੂਮ ਬੱਚਿਆਂ ਨੂੰ ਵੀ ਨਾ ਬਖਸ਼ਿਆ ਗਿਆ। ਇਹ ਸਭ ਬੱਚਿਆਂ ਨੇ ਆਪਣੇ ਮਾਤਾ ਪਿਤਾ ਕੋਲੋਂ ਵੀ ਸੁਣਿਆ ਅਤੇ ਸੋਸ਼ਲ ਮੀਡੀਆ ਤੇ ਵੀ ਵੇਖਿਆ। ਜਿਸ ਦਾ ਇੰਨਾ ਮਾਸੂਮ ਬੱਚਿਆਂ ਦੇ ਦਿਲ ਤੇ ਗਹਿਰਾ ਅਸਰ ਹੋਇਆ। ਉਨ੍ਹਾਂ ਛੋਟੀ ਉਮਰ ਦੇ ਬੱਚਿਆਂ ਨੇ ਕੁਝ ਮਾਇਆ ਇਕੱਤਰ ਕਰਕੇ ਆਪਣੇ ਮਾਤਾ ਪਿਤਾ ਨੂੰ ਛਬੀਲ ਅਤੇ ਲੰਗਰ ਲਾਉਣ ਲਈ ਮਨਾਂ ਲਿਆ। ਬੱਚਿਆਂ ਦੇ ਇਸ ਉਪਰਾਲੇ ਨੂੰ ਅਗਰ ਸੱਚਾ ਸੌਦਾ ਦਾ ਨਾਮ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗਾ।ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਸੰਗਤ ਰੂਪੀ ਪਾਠ ਦੇ ਭੋਗ ਉਪਰੰਤ ਵੱਖ ਵੱਖ ਪਕਵਾਨਾਂ ਦੇ ਲੰਗਰ ਤੋਂ ਇਲਾਵਾ ਦੇਰ ਸ਼ਾਮ ਤੱਕ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਜ਼ਿਕਰਯੋਗ ਹੈ ਕਿ ਬੱਚਿਆਂ ਦੇ ਮਾਪਿਆਂ ਦਾ ਕੇਵਲ ਸਹਿਯੋਗ ਹੀ ਸੀ। ਦੇਖਦਿਆਂ ਹੀ ਦੇਖਦਿਆਂ ਇਲਾਕ ?ਾ ਨਿਵਾਸੀ ਬੱਚਿਆਂ ਵਲੋਂ ਸਿਰਜੇ ਗਏ ਇਤਿਹਾਸ ਨੂੰ ਵੇਖਣ ਅਤੇ ਹੌਂਸਲਾ ਅਫਜ਼ਾਈ ਲਈ ਉਮੜ ਪਏ ਅਤੇ ਗੁਰੂ ਕੇ ਲੰਗਰਾਂ ਲਈ ਰਸਤਾਂ ਦੀ ਵੀ ਕੋਈ ਕਮੀਂ ਨਹੀਂ ਆਉਣ ਦਿੱਤੀ।। ਖ਼ਬਰ ਲਿਖੇ ਜਾਣ ਤੱਕ ਛਬੀਲ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਰੇ ਜਾ ਰਹੇ ਸਨ। ਇਸ ਨੇਕ ਕਾਰਜ ਦੀ ਜਿੱਥੇ ਚੁਫੇਰਿਓਂ ਪ੍ਰਸੰਸਾ ਹੋ ਰਹੀ ਹੈ ਉਥੇ ਬੱਚਿਆਂ ਦੇ ਮਾਤਾ ਪਿਤਾ ਵੀ ਵਧਾਈ ਦੇ ਹੱਕਦਾਰ ਹਨ। ਸ਼ਾਲਾ ਇਹ ਹੋਣਹਾਰ ਬਾਲਕ ਸੱਚ ਦੇ ਮਾਰਗ ਤੇ ਚਲਦਿਆਂ ਆਪਣੇ ਮਾਤਾ ਪਿਤਾ ਅਤੇ ਦੇਸ਼ ਕੌਮ ਦਾ ਨਾਮ ਇਸੇ ਤਰ੍ਹਾਂ ਰੌਸ਼ਣ ਕਰਦੇ ਰਹਿਣ। ਇਹੀ ਮੇਰੀ ਅਰਦਾਸ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਕਾ ਤਨਵੀਰ ਸਿੰਘ, ਕਾਕਾ ਨਿਰਭੈ ਸਿੰਘ, ਕਾਕਾ ਮਨਮੀਤ ਸਿੰਘ, ਕਾਕਾ ਜਗਦੀਪ ਸਿੰਘ, ਕਾਕਾ ਕੀਰਤ ਸਿੰਘ, ਕਾਕਾ ਚੰਨਪ੍ਰੀਤ ਸਿੰਘ, ਕਾਕਾ ਗਗਨਦੀਪ ਸਿੰਘ, ਕਾਕਾ ਹਰਕੀਰਤ ਸਿੰਘ,ਬੀਬਾ ਸਤਨਾਮ ਕੌਰ,ਬੀਬਾ ਲਵਲੀ ਜੀ, ਬੀਬਾ ਬਲਜੀਤ ਕੌਰ,ਬੀਬਾ ਰਜਿੰਦਰ ਕੌਰ,ਬੀਬਾ ਮਨਜੀਤ ਕੌਰ,ਬੀਬਾ ਲਖਬੀਰ ਕੌਰ,ਬੀਬਾ ਹਰਜੀਤ ਕੌਰ ਨੇ ਗੁਰੂ ਚਰਨਾਂ ਚ ਹਾਜ਼ਰੀ ਭਰੀ ਕੀਰਤਨ ਦਾ ਰਸ ਮਾਣਦਿਆ ਹੱਥੀਂ ਸੇਵਾ ਕਰਕੇ? ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਸ? ਰਜਿੰਦਰ ਸਿੰਘ ਸਾਂਘਾ,ਸ? ਵਾਹਿਨੂਰ ਸਿੰਘ ਵਿਸ਼ੇਸ਼ ਤੌਰ ਤੇ ਹਾਜਰ ਸਨ।